# ਸਾਂਝੇ ਸਾਹ ਲੈਂਦਿਆਂ

ਕਵਿਤਾ

## ਪਰਮਿੰਦਰ ਸੋਢੀ ਦੀਆਂ ਹੋਰ ਪੁਸਤਕਾਂ

- ਉਤਸਵ
  (ਕਾਵਿ-ਸੰਗ੍ਰਹਿ, 1990)
- ਆਧੁਨਿਕ ਜਾਪਾਨੀ ਕਹਾਣੀਆਂ
  (ਅਨੁਵਾਦ, 1993)
- ਸੱਚਾਈਆਂ ਦੇ ਆਰ ਪਾਰ
  (ਅਨੁਵਾਦ, 1993)
- ਚੀਨੀ ਦਰਸ਼ਨ : ਤਾਓਵਾਦ
  (ਫ਼ਲਸਫ਼ਾ, 1997)
- ਅਜੋਕੀ ਜਾਪਾਨੀ ਕਵਿਤਾ
  (ਮਾਸਿਕ 'ਅੱਖਰ' ਦਾ ਵਿਸ਼ੇਸ਼ ਅੰਕ)
- ਤੇਰੇ ਜਾਣ ਤੋਂ ਬਾਦ
  (ਕਾਵਿ-ਸੰਗ੍ਰਹਿ, 2000)
- ਜਾਪਾਨੀ ਹਾਇਕੂ ਸ਼ਾਇਰੀ
  (ਅਨੁਵਾਦ, 2000)
- ਇਕ ਚਿੜੀ ਤੇ ਮਹਾਂਨਗਰ
  (ਕਾਵਿ-ਸੰਗ੍ਰਹਿ, 2002)
- ਧੱਮਪਦ
  (ਅਨੁਵਾਦ, 2003)
- पत्ते की महायात्रा
  (हिंदी काव्य अनुवाद, 2000)
- ਗੀਤਾ
  (ਅਨੁਵਾਦ, 2004)
- ਰੱਬ ਦੇ ਡਾਕੀਏ
  (ਵਾਰਤਕ, 2005)
- ਅਜੋਕੀ ਜਪਾਨੀ ਕਵਿਤਾ
  (ਅਨੁਵਾਦ, 2007)
- ਸੰਸਾਰ ਪ੍ਰਸਿੱਧ ਮੁਹਾਵਰੇ
  (ਸੰਪਾਦਨ, 2007)

# ਸਾਂਝੇ ਸਾਹ ਲੈਂਦਿਆਂ

ਪਰਮਿੰਦਰ ਸੋਢੀ

# ਤਰਤੀਬ


* ਧੂੜ ਕਣ 7
* ਰਾਤ ਅਤੇ ਕਿਤਾਬ 9
* ਇਕ ਦਿਨ ਦੇ ਚੋਰ 11
* ਆਪਣੇ ਕੋਲ ਪਰਤਾਂਗਾ 14
* ਅਮੁੱਕ ਰਾਹ 17
* ਕਿੰਨਾ ਆਮ 21
* ਇਸ ਵਾਰ 21
* ਅੱਧਾ ਮੀਲ 24
* ਦੁਰਾਹੇ 'ਤੇ 26
* ਕਰਦੇ ਉਡੀਕ 33
* ਬੁੱਧ ਦੀ ਗੋਦ ਤਕ 36
* ਤੇਰੇ ਬਹਾਨੇ 42
* ਨਿਰਬੁੱਧ ਮੋੜ 44
* ਜੰਗ ਅਤੇ ਅਮਨ 46
* ਤੂੰ, ਜੰਗ ਅਤੇ ਤਾਰੇ 49
* ਉਦਾਸ ਹੋਇਆ ਮੈਂ 52
* ਗੋਲੀ ਚਲਦੀ ਹੈ 54
* ਕੁਦਰਤ ਕਵਿਤਾ 57
* ਤੇਰੇ ਜਾਣ ਤੋਂ ਬਾਅਦ 58
* ਮੁੱਦਤ ਬਾਅਦ 67
* ਜੋਗੀ ਆਦਿ ਜੁਗਾਦੀ 70
* ਸਾਂਝੇ ਸਾਹ ਲੈਂਦਿਆਂ 73
* ਆਖ਼ਰੀ ਪਨਾਹ 76
* ਮੌਸਮ ਬਦਲ ਰਿਹਾ ਹੈ 77

## ਧੂੜ ਕਣ

ਕਮਰੇ ਵਿਚ
ਬਾਰੀ ਰਾਹੀਂ ਆ ਰਹੀ
ਧੁੱਪ ਦੀ ਇਕ ਕਾਤਰ...

ਚਮਕਣ ਲੱਗੇ
ਅਦਿੱਖ ਜਿਹੇ ਨਿੱਕੇ ਨਿੱਕੇ ਕਣ

ਅਦਿੱਖ ਕਣ ਸੂਖ਼ਮ ਕਣ
ਉੱਡਦੇ ਹਰ ਦਿਸ਼ਾ 'ਚ
ਹਲਕੇ ਕਣ ਧੂੜ ਦੇ...

ਧੂੜ ਕਣ, ਇਕ ਕਿਣਕਾ
ਇਕ ਹਸਤੀ ਕਾਇਨਾਤ ਦੀ

ਕਿਤੇ ਵੀ ਜਾ ਸਕਦਾ
ਸਹਿਜ ਇਹ ਇਕ ਕਿਣਕਾ
ਉੱਡਦਾ ਕਦੇ ਵੱਡੇ ਸਿਰ ਉਪਰੋਂ
ਬਹਿ ਜਾਂਦਾ ਕਦੇ ਨਿੱਕੇ ਪੈਰ ਹੇਠ...

ਨਦੀ 'ਤੇ, ਪਹਾੜ 'ਤੇ
ਪੱਤੀ 'ਤੇ, ਹਵਾਵਾਂ 'ਤੇ...

ਨਿੱਕਾ ਪਰ ਪੂਰਾ
ਹਲਕਾ ਤੇ ਨਿਗੂਣਾ
ਦਿੱਖ ਕਦੇ ਅਦਿੱਖ
ਹੋਇਆ ਨਾ ਹੋਇਆ
ਸਦੀਆਂ ਦਾ ਮੁਸਾਫ਼ਰ
ਹਰ ਪਲ ਦਾ ਮਾਲਕ
ਧੂੜ ਦਾ ਇਹ ਕਣ...

ਮੈਂ ਵੀ ਹੋਣਾ ਚਾਹਵਾਂ
ਧੂੜ ਕਣ, ਇਕ ਕਿਣਕਾ
ਇਕ ਹਸਤੀ ਕਾਇਨਾਤ ਦੀ

# ਰਾਤ ਅਤੇ ਕਿਤਾਬ

ਕਿਤਾਬ
ਕਿਸੇ ਰਾਤ ਵਾਂਗ ਖੁੱਲ੍ਹਦੀ ਹੈ
ਤੇ ਰਾਤ ਕਿਸੇ ਕਿਤਾਬ ਵਾਂਗ...

ਮੈਂ ਸਤਰਾਂ ਦੀਆਂ
ਪਗਡੰਡੀਆਂ 'ਤੇ ਤੁਰ ਪੈਂਦਾ ਹਾਂ

ਹਰਫ਼, ਡੰਡੀਆਂ, ਕੌਮੇ
ਮੈਨੂੰ ਕਾਹਲਾ ਪੈਣ ਤੋਂ ਰੋਕਦੇ ਹਨ...

ਰਾਤ ਤੋਂ ਪਾਰ
ਮੈਂ ਕਿਹੜੇ ਦੇਸ਼ ਜਾਣਾ ਹੈ
ਕੌਣ ਹੈ ਉਸ ਪਾਰ
ਜੋ ਮੇਰੀ ਉਡੀਕ ਵਿਚ
ਅਹਿਲ ਤੇ ਚੁੱਪਚਾਪ ਬੈਠਾ ਹੈ

ਰਾਤ ਦੀ ਚੁੱਪ
ਕਿਸੇ ਡੂੰਘੀ ਘਾਟੀ ਵਾਂਗ
ਆਪਣੇ ਖੋਖਲੇਪਣ ਨਾਲ
ਮੈਨੂੰ ਡਰਾਉਂਦੀ ਹੈ...

ਪਾਤਰ ਕੁਪਾਤਰ
ਮੈਨੂੰ ਮੋਢੇ ਮਾਰ ਲੰਘਦੇ ਹਨ
ਮੈਂ ਸੋਚਦਾ ਹਾਂ—
"ਕਿਤਾਬ ਵਿਚ ਕੈਦ
ਇਨ੍ਹਾਂ ਸਰਾਪੀਆਂ ਰੂਹਾਂ ਨੂੰ
ਆਖ਼ਰ ਕਾਹਲੀ ਕੀ ਹੈ...!"

ਦੂਰ...
ਜਿਥੇ ਜੰਗਲ...
ਕਿਸੇ ਵਿਸ਼ਾਲ ਦੈਂਤ ਵਾਂਗ
ਟੇਢਾ ਪਿਆ ਊਂਘ ਰਿਹਾ ਹੈ
ਉਥੇ ਹੀ ਕਿਤੇ
ਰੌਸ਼ਨੀ ਦਾ ਇਕ ਬਿੰਦੂ
ਟਿਮਟਿਮਾ ਕੇ
ਆਪਣੀ ਹੋਂਦ ਜਤਲਾ ਰਿਹਾ ਹੈ...

ਰਾਤ-ਕਿਤਾਬ
ਜੰਗਲ-ਚੁੱਪ

ਮੇਰੇ ਬੀਤ ਜਾਣ ਤੋਂ
ਬੇਲਾਗ
ਨਿਰੰਤਰ ਵਹਿ ਰਹੇ ਹਨ...

# ਇਕ ਦਿਨ ਦੇ ਚੋਰ

ਅਸੀਂ ਬਹੁਤ ਕੁਝ ਕੀਤਾ
ਸਾਨੂੰ ਬਹੁਤ ਕੁਝ
ਕਰਨਾ ਸਿਖਾਇਆ ਗਿਆ

ਅਸੀਂ ਸਭ ਕੁਝ ਕੀਤਾ
ਜੋ ਕੁਝ ਨਹੀਂ ਕੀਤਾ
ਤਾਂ ਸਿਰਫ਼
ਪਿਆਰ ਨਹੀਂ ਕੀਤਾ...

ਪਿਤਰਾਂ ਨੇ
ਫਰਜ਼ਾਂ ਦੀ ਪੰਡ
ਆਪਣੇ ਮੋਢਿਆਂ ਤੋਂ ਲਾਹ ਕੇ
ਸਾਡੇ ਸਿਰਾਂ 'ਤੇ ਧਰ ਦਿੱਤੀ

ਮਿੱਤਰਾਂ ਨੇ ਕਿਹਾ
ਮਾਣ ਤੋਂ ਅਭਿਮਾਨ ਤਕ ਦਾ ਸਫ਼ਰ
ਅਸੀਂ ਵੀ ਕਰਾਂਗੇ
ਤੂੰ ਵੀ ਪਿੱਛੇ ਨਾ ਹਟੀਂ

ਅਸੀਂ
ਪਿਤਰਾਂ ਅਤੇ ਮਿੱਤਰਾਂ ਦੀ
ਆਸ 'ਤੇ ਪੂਰੇ ਉੱਤਰੇ...

ਉਦਾਸੀ ਦੇ ਜੰਗਲ ਆਏ
ਤਾਂ ਫਰਜ਼ਾਂ ਦੇ ਝੰਡੇ ਲਹਿਰਾਂਦੇ
ਪਾਰ ਕਰ ਗਏ

ਇਕੱਲਤਾ ਦੀ ਹਵਾ ਵਗੀ
ਤਾਂ ਅਹੁਦੇ ਜਾਂ ਪੈਸੇ ਦੇ
ਤੰਬੂ ਤਾਣ ਲਏ

ਦੋਸਤਾਂ ਦੇ ਮਾਣ
ਅਭਿਮਾਨ 'ਚ ਬਦਲ ਕਿਤੇ...

ਅਸੀਂ ਬਹੁਤ ਕੁਝ ਕੀਤਾ
ਤੇ ਕੁਝ ਨਹੀਂ ਕੀਤਾ
ਤਾਂ ਸਿਰਫ਼
ਪਿਆਰ ਨਹੀਂ ਕੀਤਾ

ਕਿੰਨਾ ਸਹਿਜ ਸੀ
ਪਿਆਰ ਕਰਨਾ

ਕਿੰਨੇ ਹਠੀ ਸਨ
ਫਰਜ਼ ਅਤੇ ਅਭਿਮਾਨ...

ਕੀ ਅੱਜ ਦੇ ਦਿਨ
ਅਸੀਂ ਸਹਿਜ ਹੋ ਸਕਦੇ ਹਾਂ ?
ਸੌ ਸਾਲ ਦੀ ਹਠਧਰਮੀ 'ਚੋਂ
ਇਕ ਦਿਨ ਸਹਿਜ ਦਾ
ਚੋਰੀ ਕਰ ਸਕਦੇ ਹਾਂ ?

ਤੇ ਚੁੱਪਚਾਪ
ਕਹਿ ਸਕਦੇ ਹਾਂ
ਜਾਂ ਸੁਣ ਸਕਦੇ ਹਾਂ
ਕਿ
ਅਸੀਂ ਪਿਆਰ ਚਾਹੁੰਦੇ ਹਾਂ
ਕਿ
ਅਸੀਂ ਪਿਆਰ ਕਰਦੇ ਹਾਂ...

## ਆਪਣੇ ਕੋਲ ਪਰਤਾਂਗਾ

ਫੁੱਲ ਨੇ
ਮੇਰੀ ਮੁਸਕਾਨ
ਸੰਭਾਲ ਲਈ ਹੈ
ਮੈਂ ਦੋ ਸਾਹ
ਸੌਖੇ ਲਵਾਂਗਾ
ਉਹ ਮੋੜ ਦੇਵੇਗਾ...

ਪੰਛੀ ਨੇ
ਮੇਰੀ ਪਰਵਾਜ਼
ਮੰਗ ਲਈ ਹੈ
ਮੈਂ ਅਸਮਾਨ ਵੱਲ
ਮੁੜ ਤੱਕਾਂਗਾ
ਉਹ ਮੋੜ ਦੇਵੇਗਾ...

ਜੰਗਲ ਕੋਲ
ਮੈਂ ਆਪਣਾ ਸੁਭਾਅ
ਭੁੱਲ ਆਇਆ ਹਾਂ
ਕਵਿਤਾ ਲਿਖਾਂਗਾ
ਤਾਂ ਇਹ ਪਰਤ ਆਵੇਗਾ...

ਬੱਚਾ
ਮੇਰੀ ਟਪੂਸੀ ਚਾਲ
ਲੈ ਗਿਆ ਹੈ
ਨਾਲੇ ਕਹਿ ਗਿਆ ਹੈ
ਜਦੋਂ ਹਲਕਾ ਹੋਵੇਂਗਾ
ਮੋੜ ਜਾਵਾਂਗਾ...

ਸੜਕ ਕੋਲ
ਮੇਰਾ ਸਫ਼ਰ ਪਿਆ ਹੈ
ਬਿਰਖ਼ ਕੋਲ
ਰੁਣਝੁਣ...

ਬਰਖ਼ਾ ਮੇਰਾ
ਚਿੱਤ ਲੈ ਗਈ ਹੈ
ਤੇ ਮਨੁੱਖ ਮੇਰੀ
ਨੇਕੀ...

ਮੈਂ ਜ਼ਰਾ ਕੁ
ਆਪਣੇ ਕੋਲ ਪਰਤਾਂਗਾ
ਮੇਰੇ ਸਾਹ
ਕੋਮਲ ਹੋ ਜਾਣਗੇ

ਕੋਈ ਬੁੱਧ
ਮੇਰੇ ਸਿਰ 'ਤੇ
ਹੱਥ ਰੱਖੇਗਾ...

ਫੁੱਲ ਪੰਛੀ ਅਸਮਾਨ
ਜੰਗਲ ਬੱਚਾ ਸੜਕ
ਬਿਰਖ਼ ਬਰਖ਼ਾ ਤੇ ਮਨੁੱਖ

ਸਾਰੇ ਦੇ ਸਾਰੇ
ਪਲ ਛਿਣ ਵਿਚ
ਮੇਰਾ ਖਿੰਡਿਆ ਆਪਾ
ਮੈਨੂੰ ਮੋੜ ਜਾਣਗੇ...

ਮੈਂ ਜ਼ਰਾ ਕੁ
ਆਪਣੇ ਕੋਲ ਪਰਤਾਂਗਾ...

## ਅਮੁੱਕ ਰਾਹ

ਰਾਹਗੀਰ
ਤੁਰਦੇ ਤੁਰਦੇ
ਸਫ਼ਰ 'ਚ ਗੁੰਮ ਜਾਂਦੇ ਸਨ

ਰਾਹਗੀਰ
ਅੱਜ ਵੀ ਤੁਰਦੇ ਨੇ

ਰਾਹਗੀਰ
ਭਲਕੇ ਵੀ ਸਫ਼ਰ ਹੋ ਜਾਣਗੇ...

ਰਾਹਗੀਰ ਦੇ
ਪੈਰਾਂ ਹੇਠ
ਰੇਤ ਵੀ ਹੋ ਸਕਦੀ ਹੈ
ਘਾਹ ਜਾਂ ਤਾਰੇ ਵੀ

ਰਾਹਗੀਰ
ਕਦੇ ਪੈਰਾਂ 'ਚ ਵਸਦਾ ਹੈ
ਕਦੇ ਦਿਲ ਵਿਚ
ਤੇ ਕਦੇ ਆਪਣੇ ਹੀ ਮੱਥੇ 'ਚ...

ਰਾਹਗੀਰ ਨੂੰ ਮਿਲੋ
ਤਾਂ ਸਫ਼ਰ ਦਾ ਜ਼ਿਕਰ
ਨਾ ਕਰਨਾ
ਹੋ ਸਕੇ ਤਾਂ
ਉਸ ਦੇ ਹੱਥਾਂ ਨੂੰ
ਹੌਲੇ ਜਿਹੇ ਛੂਹ ਲੈਣਾ

ਜੇ ਝਿਜਕ ਗਏ
ਤਾਂ ਪਲ ਜਾਂ ਦੋ ਪਲ
ਉਸ ਦੀਆਂ ਕੋਮਲ
ਅੱਖਾਂ ਵਿਚ ਝਾਕ ਲੈਣਾ...

ਰਾਹਗੀਰ ਲਈ
ਅਤੇ ਤੁਹਾਡੇ ਲਈ ਵੀ
ਇੰਨਾ ਹੀ ਕਾਫ਼ੀ ਹੈ

## *ਕਿੰਨਾ ਆਮ*

ਮੇਰੀ ਉਮਰਾ
ਤੇਰਾ ਪ੍ਰੇਮ
ਤੇ ਸਾਡੇ ਮਨ...

ਉੱਡਦਾ ਬੱਦਲ
ਹਿੱਲਦਾ ਪਰਛਾਵਾਂ
ਤੇ ਰਾਤ ਦਿਨ...

ਜਨਮੇ
ਜੀਵੇ
ਤੇ ਮੁੱਕ ਜਾਣੇ...

ਖ਼ਲਾਅ 'ਚੋਂ ਉੱਭਰੇ
ਖ਼ਲਾਅ 'ਚ ਉਤਰੇ
ਮੇਰੀ ਉਮਰਾ
ਤੇਰਾ ਪ੍ਰੇਮ
ਤੇ ਸਾਡੇ ਮਨ...

ਅੰਤ ਘੜੀ ਤੋਂ
ਪਹਿਲਾਂ

ਜੀਅ ਲੈਣਾ
ਜੀਅ ਨਾ ਹੋਵੇ
ਤਾਂ ਮਰ ਜਾਣਾ...

ਕਿੰਨਾ ਆਮ ਹੈ
ਸਾਡਾ ਹੋਣਾ
ਤੇ ਕਿੰਨਾ ਗੁੱਝਾ
ਸਾਡਾ ਆਣਾ
ਤੇ ਚਲੇ ਜਾਣਾ...

ਕਿੰਨਾ ਗੁੱਝਾ
ਕਿੰਨਾ ਆਮ...

ਸਾਡਾ ਹੋਣਾ
ਤੇ ਕਾਇਨਾਤ ਦੀ
ਕੰਬਲੀ ਵਲੇਟ
ਤੁਰੇ ਰਹਿਣਾ...

## ਇਸ ਵਾਰ

ਮੈਂ ਦੇਖ ਰਿਹਾ ਸਾਂ
ਆਪਣੇ ਆਪ ਨੂੰ
ਆਪਣੇ ਆਪ ਤੋਂ ਹਾਰਦੇ ਹੋਏ

ਮੇਰੀ ਸੋਚ
ਮੇਰਾ ਸੋਹਜ, ਬੋਧ
ਸ਼ਬਦ ਤੇ ਸਵੈ-ਤਾਲ

ਇਕ ਇਕ ਕਰ
ਮੇਰਾ ਸਾਥ ਛੱਡ ਰਹੇ ਸਨ

ਮੈਂ ਡੁੱਬ ਰਹੇ ਬੰਦੇ ਵਾਂਗ
ਹਰ ਤਿਣਕੇ ਨੂੰ ਫੜ੍ਹਨ ਲਈ
ਕਾਹਲਾ ਪੈ ਰਿਹਾ ਸਾਂ

ਪਰ ਮੇਰੇ ਹੱਥਾਂ ਨੂੰ
ਤਾਂ ਹਰ ਆਸਰਾ
ਵਿਦਾ ਕਰ ਰਿਹਾ ਸੀ

ਮੈਂ ਚਾਹੁੰਦਾ ਸਾਂ
ਮੇਰਾ ਅਰਜਿਤ ਕੀਤਾ

ਸੋਹਜ, ਸਹਿਜ
ਸੁਰ, ਤਾਲ,
ਚੁੱਪ, ਸ਼ਬਦ
ਸੰਤੁਲਤ ਵਿਵਹਾਰ
ਸਭ ਮੇਰੇ ਕੋਲ ਬਣੇ ਰਹਿਣ...

ਮੈਂ ਚਾਹੁੰਦਾ ਸਾਂ
ਆਪਣੇ ਰਿਸ਼ਤੇ ਨੂੰ
ਵਿਦਾ ਕਰਨ ਸਮੇਂ
ਆਪਣੇ ਸਾਹਾਂ ਤੋਂ
ਅਲੱਗ ਨਾ ਹੋ ਸਕਾਂ...

ਇਸ ਵਾਰ
ਤੇਰੇ ਜਾਣ ਤੋਂ ਬਾਅਦ
ਮੈਂ ਬੱਸ ਇਹੀ ਚਾਹੁੰਦਾ ਸਾਂ
ਕਿ ਮੈਨੂੰ
ਮੇਰੇ ਪੈਰਾਂ ਦਾ
ਸਾਥ ਬਣਿਆ ਰਹੇ...

ਕਿ ਮੈਨੂੰ
ਮੇਰੇ ਸਾਹਾਂ ਦਾ

ਸਬਰ ਹਾਸਲ ਰਹੇ...

ਕਿ ਨਿੱਤ ਦਿਨ
ਤੇਰੀ ਹਸਤੀ ਵਾਂਗ
ਮੇਰੇ ਇਰਦ ਗਿਰਦ
ਮਹਿਕਦਾ ਰਹੇ...

ਕਿ ਮੈਂ ਆਪਣੇ
ਆਮ ਜਿਹੇ ਆਪੇ ਨੂੰ
ਸ਼ਾਂਤ ਚਿੱਤ ਜੀਅ ਸਕਾਂ...

ਜਿਵੇਂ ਧੁੱਪ ਨੂੰ ਬਿਰਖ਼ ਜਿਉਂਦੇ ਨੇ
ਪਾਣੀ ਨੂੰ ਦਰਿਆ ਜਿਉਂਦਾ ਹੈ
ਕਾਇਨਾਤ ਨੂੰ ਕਿਣਕਾ ਜਿਉਂਦਾ ਹੈ

## ਅੱਧਾ ਮੀਲ

ਇਕ ਸੜਕ 'ਤੇ
ਮੇਰੀ ਹਸਤੀ ਨਿੱਤ ਧੂੜ ਬਣ
ਫੈਲਦੀ ਹੈ...

ਇਕ ਸੜਕ
ਮੇਰੇ ਅੰਦਰ ਵਗਦੀ ਹੈ...

ਮੇਰੇ ਪੁਰਖੇ
ਪਿਛਾਂਹ ਕਿਤੇ ਰਹਿ ਗਏ ਹਨ
ਮੇਰਾ ਬਾਪੂ
ਹਾਲੇ ਪਿਛਲੇ ਹੀ ਮੋੜ 'ਤੇ
ਓਝਲ ਹੋਇਆ ਹੈ
ਮੇਰੇ ਬੱਚੇ
ਕਿਤੇ ਅਗਾਂਹ ਨਿਕਲ ਗਏ ਹਨ

ਮੈਂ ਆਪਣੇ ਹਿੱਸੇ ਦਾ
ਅੱਧਾ ਮੀਲ
ਹਾਲੇ ਤਹਿ ਕਰਨਾ ਹੈ...

ਸੜਕ ਦੇ ਖੱਬੇ ਹੱਥ
ਹਰਿਆਲੀ ਹੈ
ਜਿਥੇ ਰੁੱਖਾਂ ਦੀ
ਇਕ ਲੰਬੀ ਕਤਾਰ ਨਜ਼ਰ ਆਉਂਦੀ ਹੈ
ਰੁੱਖ ਵੀ
ਮੇਰੇ ਨਾਲੋ-ਨਾਲ ਤੁਰਦੇ ਰਹੇ ਹਨ
ਇਹ ਮੈਨੂੰ
ਸੜਕ ਨੇ ਹੀ ਦੱਸਿਆ ਹੈ...

ਸੜਕ ਦੇ ਸੱਜੇ ਹੱਥ
ਦੇਸ਼ ਕਾਲ ਵਸਦਾ ਹੈ
ਜਿਥੇ ਬੋਧੀ ਮੰਦਰਾਂ ਦੀਆਂ
ਸੁਖ਼ਦ ਸਮੋਹਕ ਘੰਟੀਆਂ
ਤੋਂ ਲੈ ਕੇ
ਗੁਲਾਮਾਂ ਦੀਆਂ ਮੰਡੀਆਂ ਦਾ
ਦੁਖਦ ਸ਼ੋਰ ਜਾਰੀ ਹੈ...

ਮੈਂ ਆਪਣੇ ਹਿੱਸੇ ਦਾ
ਅੱਧਾ ਮੀਲ
ਹਾਲੇ ਤਹਿ ਕਰਨਾ ਹੈ...

# ਦੁਰਾਹੇ 'ਤੇ

ਮੈਂ ਜੰਗਲ ਵਿਚ ਭਟਕ ਗਿਆ ਸਾਂ...

ਉਹ ਮਿਲੀ ਤਾਂ
ਭਟਕਣ ਪਤਾ ਨਹੀਂ ਕਦੋਂ
ਸਫ਼ਰ ਵਿਚ ਬਦਲ ਗਈ...

ਉਸ ਦਾ ਸਾਥ ਸੀ
ਪਰ ਉਸ ਨੇ
ਕੁਝ ਵੀ ਨਹੀਂ ਸੀ ਕਿਹਾ...

ਉਸ ਦਾ ਹੋਣਾ ਹੀ ਕਾਫ਼ੀ ਸੀ

ਖੜ-ਖੜ ਕਰਦੇ ਪੱਤੇ
ਉਦਾਸ ਨਦੀ
ਖ਼ੂੰਖਾਰ ਜਾਨਵਰ
ਤੁਰਸ਼ ਹਵਾ
ਬੇਚੈਨ ਲੱਕੜਹਾਰੇ
ਤੇ ਮੇਰਾ ਕਾਹਲਾ ਮਨ

ਸਾਰੇ ਹੀ ਸਹਿਜ ਸ਼ਾਂਤ
ਹੋਣ ਲੱਗੇ ਸਨ

ਹਾਲੇ ਕੁਝ ਕਦਮ ਹੀ ਤੁਰੇ ਸਾਂ
ਕਿ ਉਤਸੁਕਤਾ ਵਸ
ਮੈਥੋਂ ਕਿਹਾ ਗਿਆ ਸੀ—
"ਤੇਰਾ ਪਿਆਰ ਮੈਨੂੰ
ਬੁੱਧ ਨਗਰੀ ਤਕ
ਜਾਣ ਵਾਲਾ ਸ਼ਾਰਟ-ਕੱਟ ਲਗਦਾ ਹੈ..."

ਉਹ ਕੁਝ ਨਾ ਬੋਲੀ
ਬਸ ਇਕ ਮੁੱਠੀ ਭਰ ਚਾਨਣ
ਆਪਣੇ ਜਿਸਮ ਦੀ ਅਕਾਸ਼-ਗੰਗਾ 'ਚੋਂ
ਮੇਰੇ ਵੱਲ ਡੋਲ੍ਹ ਦਿੱਤੀ...

ਮੈਂ ਤਾਰਿਕਾ-ਮੰਡਲ 'ਚ
ਸਰਘੀ ਦਾ ਤਾਰਾ ਬਣ
ਟਿਮਟਿਮਾਉਣ ਲੱਗਾ ਸਾਂ...

ਮੈਂ ਆਪਣੀ ਸੱਜਰੀ ਆਭਾ ਨੂੰ
ਸੰਭਾਲਦਾ
ਉਸ ਦੇ ਮਗਰ ਹੋ ਤੁਰਿਆ

ਕੁਝ ਕਦਮ ਹੋਰ
ਮੈਥੋਂ ਚੁੱਪ ਨਾ ਰਿਹਾ ਗਿਆ

ਮੈਂ ਕਿਹਾ,
"ਦੇਖ!
ਤੇਰੇ ਹੋਣ ਨਾਲ ਹੀ
ਇਕਸੁਰ ਹੋਣ ਲਗਦੀ ਹੈ ਕਾਇਨਾਤ..."

ਜੁਆਬ ਵਿਚ
ਉਸ ਨੇ ਆਪਣੀ ਚੁੱਪ ਨੂੰ
ਕੈਨਵਸ 'ਤੇ ਖਿਲਾਰ ਦਿੱਤਾ ਸੀ...

ਬੱਚੇ ਗੁਬਾਰਿਆਂ ਮਗਰ ਦੌੜਨ ਲੱਗੇ
ਪੰਛੀ ਮਹਾਂਨਗਰ 'ਚ ਉਤਰਨ ਲੱਗੇ
ਇਮਾਰਤਾਂ ਨੇ ਇਕ ਦੂਜੇ ਨਾਲ ਹੱਥ ਮਿਲਾਏ
ਬੁੱਧ ਘਾਹ 'ਤੇ ਆਣ ਲੇਟਿਆ ਸੀ...

ਮੈਂ ਖੁਸ਼ੀ ਨਾਲ
ਕੂਕ ਉਠਿਆ ਸੀ
"ਆ ਉਤਸਵ ਮਨਾਈਏ
ਅੱਜ ਨੂੰ ਸ਼ਰਾਬ 'ਚ ਘੋਲ ਪੀ ਲਈਏ
'ਹੁਣ ਤੇ ਇਥੇ' ਵਾਲੇ ਘੁੰਗਰੂ
ਪੈਰਾਂ ਨਾਲ ਬੰਨ੍ਹ
ਨੱਚੀਏ-ਗਾਈਏ..."

ਉਹ ਸਿਰਫ਼ ਏਨਾ ਹੀ ਬੋਲੀ—
"ਮਨ ਨੂੰ ਕਾਬੂ ਕਰ
ਸਫ਼ਰ ਅਤੇ ਦਿਸ਼ਾ 'ਤੇ ਧਿਆਨ ਧਰ
ਤੇ ਤੁਰਿਆ ਚੱਲ..."

ਮੈਂ ਕਿਹਾ—
"ਮੌਸਮ ਸੋਹਣਾ ਹੈ
ਰਾਹ ਸਾਫ਼ ਹਨ
ਅੱਜ ਦਾ ਦਿਨ ਸਾਡੀ ਮੁੱਠੀ 'ਚ ਹੈ
ਤੇਰਾ ਹੱਥ ਮੇਰੇ ਹੱਥਾਂ 'ਚ ਹੈ
ਫਿਰ
ਸਫ਼ਰ ਤੇ ਦਿਸ਼ਾ ਦਾ ਫ਼ਿਕਰ...?"

ਉਸ ਦੀ ਆਵਾਜ਼
ਹੋਰ ਵੀ ਕੋਮਲ ਹੋ ਗਈ
ਤੇ ਸ਼ਬਦ ਹੋਰ ਵੀ ਬੇਲਾਗ...
"ਇਥੇ ਤਕ ਸਫ਼ਰ ਸਾਂਝਾ ਸੀ
ਹੁਣ ਮੈਂ ਉਪਰ ਵੱਲ ਜਾਣਾ ਹੈ
ਤੇ ਤੂੰ ਹੇਠਾਂ ਵੱਲ...
ਮੈਂ ਹਾਲੇ ਪਰਬਤ ਦੀ ਟੀਸੀ 'ਤੇ
ਫੁੱਲਾਂ ਨੂੰ ਜਿਉਣਾ ਹੈ...

ਤੂੰ ਭੋਗੀ-ਜੋਗੀ
ਜਿਸ ਨੇ ਪਹਾੜ-ਘਾਟੀ ਉਤਰ
ਬੁੱਢੇ ਚਰਖ਼ੇ ਦੀ ਘੂਕ ਚੁੱਪ ਕਰਵਾਉਣੀ ਹੈ
ਫਿਰ
ਉਮਰਾਂ ਦੀ ਪੋਥੀ ਨੂੰ
ਮਹਾਂਸਾਗਰ ਦੇ ਹਵਾਲੇ ਕਰਨਾ ਹੈ..."

ਉਸ ਦੇ ਇਨ੍ਹਾਂ ਬੋਲਾਂ ਨੇ
ਮੇਰੀ ਅੱਧਸੁੱਤੀ ਬਿਰਤੀ ਨੂੰ
ਝੰਜੋੜਿਆ ਸੀ–

ਮੈਂ ਮੁੜ
ਕਿਸੇ ਘਣੇ ਜੰਗਲ ਵਿਚ ਭਟਕ ਗਿਆ ਸਾਂ
ਮੇਰਾ ਸਫ਼ਰ
ਭਟਕਣ 'ਚ ਬਦਲ ਰਿਹਾ ਸੀ...

ਮੈਂ ਸਹਿਮ ਕੇ
ਚੁਫ਼ੇਰੇ ਦੇਖਿਆ ਸੀ
ਬੇਬਸੀ ਧੁੰਦ ਵਾਂਗ
ਗਹਿਰੀ ਹੋ ਰਹੀ ਸੀ

ਮੋਹ-ਕਾਮ-ਮਮਤਾ 'ਚ ਲਬਰੇਜ਼
ਮੇਰਾ ਆਪਾ ਉਸ ਵੱਲ ਅਹੁਲਿਆ ਸੀ

ਪਰ ਉਹ
ਦੂਰ ਦਿਸਹੱਦੇ 'ਤੇ
ਹਰੀ ਭਰੀ ਟੀਸੀ ਤਕ ਜਾਂਦੇ
ਨਵੇਂ ਰਾਹਾਂ ਵੱਲ
ਵਧ ਰਹੀ ਸੀ...

ਪਰ ਮੇਰੇ ਮੂਹਰੇ ਤਾਂ
ਪਤਝੜ ਫੈਲ ਰਹੀ ਸੀ
ਮੈਂ ਟਹਿਣੀ ਨੂੰ
ਚਿੰਬੜੇ ਆਖ਼ਰੀ ਪੱਤੇ ਵਾਂਗ
ਥਰ-ਥਰਾ ਰਿਹਾ ਸਾਂ...

ਇਸੇ ਪਲ ਅਚਾਨਕ
ਮੇਰੀ ਸਿਮਰਤੀ ਵਿਚ
ਉਸ ਦਾ ਪਿਆਰ ਉਭਰਿਆ ਸੀ
ਇਕ ਆਵਾਜ਼ ਸੁਣਾਈ ਦਿੱਤੀ ਸੀ—
"ਤੇਰਾ ਪਿਆਰ ਮੈਨੂੰ

ਬੁੱਧ ਨਗਰੀ ਤਕ
ਜਾਣ ਵਾਲਾ ਸ਼ਾਰਟ ਕੱਟ ਲਗਦਾ ਹੈ…"

ਤੂੰ, ਤੇਰਾ ਪਿਆਰ
ਬੁੱਧ ਤੇ ਬੁੱਧ ਨਗਰੀ
ਮੇਰੀ ਹਸਤੀ ਦੇ ਆਰ-ਪਾਰ
ਫੈਲ ਰਹੇ ਸਨ…

## ਕਰਦੇ ਉਡੀਕ

ਕਰਦੇ ਨੇ ਉਡੀਕ ਰਾਹ
ਅਣਚਾਹੇ ਸਫ਼ਰਾਂ 'ਤੇ ਤੁਰ ਗਏ
ਮੁਸਾਫ਼ਰਾਂ ਦੇ ਪਰਤਣ ਦੀ

ਕਰਦੇ ਨੇ ਉਡੀਕ ਬੱਚੇ
ਮਾਵਾਂ-ਮਿਠਾਈਆਂ ਦੀ
ਤਿਉਹਾਰਾਂ-ਗੁਬਾਰਿਆਂ ਦੀ

ਕਰਦੇ ਨੇ ਉਡੀਕ ਰੁੱਖ
ਇਕ ਤੋਂ ਬਾਅਦ ਦੂਸਰੀ ਰੁੱਤ ਦੀ

ਕਰਦੇ ਨੇ ਉਡੀਕ ਕੈਨਵਸ
ਤਸਵੀਰਾਂ ਦੇ ਮੋਹ 'ਚ ਡੁੱਬੇ
ਰੰਗਾਂ ਅਤੇ ਪੋਟਿਆਂ ਦੀ

ਕਰਦੇ ਨੇ ਉਡੀਕ ਸੁਪਨੇ
ਅੱਧੀਆਂ ਅਧੂਰੀਆਂ ਮੁਲਾਕਾਤਾਂ ਨੂੰ
ਚਰਮ-ਸੀਮਾਵਾਂ 'ਚ ਬਦਲਦੇ ਦੇਖਣ ਦੀ

ਕਰਦੇ ਨੇ ਉਡੀਕ ਗੀਤ

ਮੋਹ ਮਾਰੇ ਦਿਲਾਂ ਵਿਚ
ਬਾਰ ਬਾਰ ਥਿਰਕਣ ਦੀ

ਕਰਦੇ ਨੇ ਉਡੀਕ ਬੀਜ
ਧੁੱਪਾਂ, ਮੀਹਾਂ, ਪਸੀਨਿਆਂ ਰਾਹੀਂ
ਹਵਾਵਾਂ ਤਕ ਪਹੁੰਚਣ ਦੀ

ਕਰਦੇ ਨੇ ਉਡੀਕ
ਦਿਨ ਰਾਤ
ਬੇੜੀਆਂ ਕਿਨਾਰੇ
ਚੁੱਪ ਸ਼ਬਦ
ਪਰਬਤ ਬੱਦਲ
ਦੇਰ ਤਕ ਇਕ ਦੂਸਰੇ ਦੀ
ਚੁੱਪ-ਚਾਪ, ਸ਼ਾਂਤ-ਚਿੱਤ

ਰਾਹ, ਬੱਚੇ, ਰੁੱਖ, ਕੈਨਵਸ
ਸੁਪਨੇ, ਗੀਤ, ਬੀਜ, ਦਿਨ-ਰਾਤ
ਬੇੜੀਆਂ-ਕਿਨਾਰੇ, ਚੁੱਪ-ਸ਼ਬਦ
ਅਤੇ ਪਰਬਤ ਬੱਦਲ
ਸਾਰੇ ਦੇ ਸਾਰੇ

ਜਿਵੇਂ ਕਰਦੇ ਨੇ ਉਡੀਕ
ਉਸ ਪਲ ਦੀ ਜਿਥੇ ਮਿਲਨ ਹੁੰਦਾ ਹੈ

ਮੈਂ ਵੀ
ਕਰਾਂਗਾ ਉਡੀਕ ਤੇਰੀ
ਇੰਜ ਹੀ
ਚੁੱਪ-ਚਾਪ, ਸ਼ਾਂਤ ਚਿੱਤ

## ਬੁੱਧ ਦੀ ਗੋਦ ਤਕ

ਘਰੋਂ ਤੁਰਿਆ ਤਾਂ
ਰਾਹਾਂ 'ਤੇ ਨਿੱਘੀ ਧੁੱਪ ਦਾ ਸੁੱਖ ਸੀ
ਕਿਨਾਰਿਆਂ 'ਤੇ
ਉੱਗੇ ਫੁੱਲਾਂ ਦੀ ਮਹਿਕ ਅਮੁੱਕ ਸੀ

ਪਲ ਪਲ
'ਸਤਿ ਸ਼ਿਵ ਸੁੰਦਰ' ਦੇ ਪਰਿੰਦੇ
ਸਿਰ ਤੇ ਚਹਿਕ ਰਹੇ ਸਨ

ਮੈਂ ਕੁਝ ਕਦਮ ਹੀ ਤੁਰਿਆ ਸਾਂ
ਕਿ ਪਹਿਲੇ ਮੋੜ 'ਤੇ ਮਿੱਤਰ
ਕਿਸੇ ਦਰਵੇਸ਼ ਵਾਂਗ ਖੜ੍ਹਿਆ ਨਜ਼ਰ ਆਇਆ ਸੀ

ਮੇਰੇ ਕੁਝ ਪੁੱਛਣ ਤੋਂ ਪਹਿਲਾਂ ਹੀ
ਉਹ ਬੋਲਿਆ ਸੀ—
"ਰਿਸ਼ਤਿਆਂ ਦੀ ਸ਼ਤਰੰਜ
ਤਾਂ ਭਰਮ ਸੀ
ਮਿੱਟੀ ਦੇ ਜਾਗਣ ਅਤੇ ਸੌਣ ਵਿਚਕਾਰ
ਜੋ ਕੁਝ ਵੀ ਸੀ
ਉਹ ਜੀਵਨ ਸੀ..."

ਮੈਂ ਉਸ ਦੇ ਕਹੇ
ਸਿੱਧ-ਪੱਧਰੇ ਸੱਚ ਨੂੰ
ਆਪਣੇ ਕਣ-ਕਣ 'ਚ ਉਤਰਦੇ ਦੇਖ ਕੇ
ਸਹਿਮ ਗਿਆ ਸਾਂ
ਅਤੇ ਕਾਹਲੀ ਨਾਲ ਅਗਲੇ ਰਾਹ 'ਤੇ
ਦੌੜਨ ਲੱਗਾ ਸਾਂ

ਅਗਲੇ ਮੋੜ 'ਤੇ ਉਹ ਕੁੜੀ
ਮੁਹੱਬਤ ਦੀ ਵਿਸਮਾਦੀ ਗੂੰਜ ਬਣ ਕੇ
ਫੈਲ ਰਹੀ ਸੀ

ਉਸ ਦੀ ਛਾਤੀ 'ਚੋਂ
ਉੱਭਰ ਰਹੀ ਸਤਰੰਗੀ ਪੀਂਘ ਨੇ
ਅਸਮਾਨ ਰੁਸ਼ਨਾਅ ਦਿੱਤਾ ਸੀ

ਇਕ ਤੋਂ ਬਾਅਦ ਇਕ ਅਕਾਰ
ਉਸ ਦੀ ਸੂਖ਼ਮ ਕਾਇਆ ਦੀ
ਰੰਗਮਈ ਪੀਂਘ ਦੇ ਹੁਲਾਰੇ ਨਾਲ
ਮਸਤੀ ਵਿਚ ਡੁੱਬ ਰਹੇ ਸਨ

ਪਰ ਮੈਨੂੰ ਤਾਂ
ਉਸ ਦੇ ਭੋਲੇ ਪ੍ਰੇਮੀ ਦਾ ਹੀ
ਉਥੇ ਹੋਣਾ ਗਵਾਰਾ ਨਹੀਂ ਸੀ

ਦੂਰ ਆਕਾਸ਼ 'ਚੋਂ
ਇਕ ਦੈਵੀ ਆਵਾਜ਼ ਗੂੰਜੀ ਸੀ—
"ਸੁੱਖ ਦੁੱਖ
ਮਸਤੀ ਭਟਕਣ
ਰਾਗ ਰੌਲਾ
ਅਪਣੱਤ ਈਰਖਾ...
ਇਹ ਸਾਰੇ ਤੇਰੀ ਮੁੱਠੀ ਦੇ
ਸੱਖਣੇਪਣ ਤੋਂ ਵੱਧ ਕੁਝ ਨਹੀਂ
ਤੂੰ ਮੁੱਠੀ ਨੂੰ ਖੋਲ੍ਹਣ ਸਮੇਂ
ਜ਼ਰਾ ਚੇਤੰਨ ਰਿਹਾ ਕਰ"

ਮੈਂ ਖ਼ਾਮੋਸ਼ੀ ਦਾ ਪੱਲਾ ਫੜ
ਕਿਸੇ ਅਗਲੇ ਰਾਹ 'ਤੇ ਤੁਰ ਪਿਆ ਸੀ
ਅਗਲੇ ਮੋੜ 'ਤੇ ਉਹ ਆਦਿ-ਨਾਰੀ
ਜੰਗਲੀ ਪੌਣ ਵਾਂਗ ਨੱਚ ਰਹੀ ਸੀ

ਉਸ ਦੀਆਂ ਅੱਖਾਂ ਵਿਚ
ਮਾਸੂਮੀਅਤ ਦਾ ਨੀਲਾ ਆਕਾਸ਼
ਮਹਿਕ ਰਿਹਾ ਸੀ

ਉਹ ਹੱਸਦੀ ਤਾਂ
ਤਿਤਲੀਆਂ ਦਾ ਝੁੰਡ
ਉਸ ਨੂੰ ਘੇਰ ਲੈਂਦਾ ਸੀ

ਮੈਂ ਵਜਦ ਵਿਚ ਆ ਕੇ
ਉਸ ਦੇ ਹੱਥਾਂ ਨੂੰ ਚੁੰਮ ਲਿਆ ਸੀ

ਦੂਰ ਦਿਸਹੱਦਿਆਂ 'ਤੇ
ਕੁਦਰਤ ਮੇਰੇ ਵੱਲ ਦੇਖ ਕੇ ਹੱਸੀ ਸੀ

ਜਿਵੇਂ ਕਹਿ ਰਹੀ ਹੋਵੇ—
"ਰੁਕ ਕਿਉਂ ਗਿਆ ਏਂ!
ਸੀਮਾਵਾਂ ਤੋਂ ਪਾਰ ਉਤਰ
ਤੇਰੀ ਮੁਹੱਬਤ ਹੀ ਤੇਰਾ ਸਹਿਜ ਹੈ
ਜਿਸ ਵਿਚ ਡੁੱਬਣਾ ਹੀ
ਡਰ ਮੁਕਤ ਨਿਰਵਾਣ ਹੈ..."

ਜਿਵੇਂ ਕੋਈ ਖਾਧਾ ਜਾ ਰਿਹਾ
ਜੰਗਲੀ ਹਿਰਨ ਸ਼ੇਰ ਦੀ ਅੱਖ
ਅੰਦਰ ਝਾਕਦਾ ਹੈ
ਅਤੇ 'ਉਸ ਪਾਰ' ਦੀ
ਅਥਾਹ ਚੁੱਪੀ ਵਿਚ ਖੁਰਨ ਲਗਦਾ ਹੈ

ਉਂਜ ਹੀ
ਅੱਧਾ ਡਰ, ਅੱਧਾ ਨਸ਼ਾ
ਘੁਲ-ਮਿਲ ਕੇ
ਮੇਰੇ ਬੇਚੈਨ ਵਜੂਦ ਨੂੰ
ਆਪਣੇ ਸੁਰਮਈ ਪਾਸਾਰ ਵਿਚ
ਸਮੇਟ ਰਹੇ ਸਨ
ਸ਼ਾਂਤ ਕਰ ਰਹੇ ਸਨ...

ਕੋਲੋਂ ਹੀ
ਰੇਤ ਵਿਚ ਜਜ਼ਬ ਹੋ ਰਹੀ
ਮੀਂਹ ਦੀ ਇਕ ਬੂੰਦ ਦਾ ਹਉਕਾ
ਮੈਨੂੰ ਸੁਣਾਈ ਦਿੱਤਾ ਸੀ...

ਪਲ ਅਤੇ ਸਦੀਵਤਾ
ਸ਼ਬਦ ਅਤੇ ਚੁੱਪ

ਹੋਂਦ ਅਤੇ ਨਿਰਹੋਂਦ
ਬੂੰਦ ਅਤੇ ਦਰਿਆ

ਇਕੋ ਹੀ ਨਾਦ ਰੰਗ ਨਾਲ
ਮਹਿਕ ਉਠੇ ਸਨ...

ਮੈਂ ਪਲ ਛਿਣ ਲਈ
ਬੁੱਧ ਦੀ ਗੋਦ ਵਿਚ
ਕਿਸੇ ਪੱਤੇ ਵਾਂਗ
ਸਹਿਜ ਆਣ ਡਿੱਗਿਆ ਸਾਂ

## ਤੇਰੇ ਬਹਾਨੇ

ਸ਼ਾਮ ਦੇ ਪਰਦੇ 'ਤੇ
ਤੇਰੀ ਮੁਸਕਾਨ ਦੇ ਛਿੱਟੇ ਆਣ ਪਏ
ਮੇਰਾ ਵਜੂਦ ਵਕਤ ਦੇ ਪਰਾਂ 'ਤੇ
ਧੱਬੇ ਵਾਂਗ ਫੈਲ ਗਿਆ...

ਮੋਹ ਦਾ ਇਕ ਪੱਲਾ
ਮੇਰੇ ਹੱਥਾਂ ਵਿਚ ਸੀ
ਦੂਜਾ ਤੇਰੇ ਬੁੱਲ੍ਹਾਂ ਦੇ
ਗੁਲਾਬੀ ਰੰਗ 'ਤੇ...

ਸੁਪਨੇ ਦੀ ਮਹੀਨ ਚਾਦਰ ਦਾ
ਇਕ ਸਿਰਾ
ਤੇਰੀ ਕੋਮਲ ਆਵਾਜ਼ 'ਚ ਲਹਿਰਾਇਆ
ਦੂਜਾ ਮੇਰੀ ਛਾਤੀ ਨੇ ਸਾਂਭ ਲਿਆ...

ਤੇਰੀ ਅੱਖ 'ਚੋਂ ਉਡਿਆ ਸੀ
ਜਿਹੜਾ ਇਕ ਉਕਾਬ
ਮੇਰੀ ਹਿੱਕ 'ਚ ਡੁਬਕੀ ਮਾਰ ਗਿਆ...

ਤੇਰੀ ਤੇ ਮੇਰੀ ਛਾਤੀ ਨੂੰ
ਜੋੜ ਰਹੀ ਸੀ
ਨਿੱਘ ਦੀ ਇਕ ਆਕਾਸ਼ ਗੰਗਾ...

ਤੇਰੇ ਬਹਾਨੇ
ਮੈਂ ਅਣਡਿੱਠ ਦੇ ਉਸ ਪਾਰ
ਜਾ ਉਤਰਦਾ ਹਾਂ...

ਚੋਰਾਂ ਤੇ ਸੂਫ਼ੀਆਂ
ਠੱਗਾਂ ਤੇ ਭਿਖੂਆਂ ਦੇ

ਸਾਂਝੇ ਸ਼ਹਿਰ...

## ਨਿਰਬੁੱਧ ਮੋੜ

ਕਿਸ ਮੋੜ 'ਤੇ ਮਿਲੀ ਤੂੰ
ਤਨ ਢਲ ਰਿਹਾ ਸੀ
ਮਨ ਜਲ ਰਿਹਾ ਸੀ...

ਪਰਤ ਕੇ ਦੇਖਿਆਂ
ਨਜ਼ਰ ਦੀ ਸੀਮਾ ਤਕ

ਖੁਰ ਰਹੇ ਸਨ ਕਣ ਕਣ
ਵਕਤਾਂ ਦੀ ਧੁੰਦ ਵਿਚ
ਸਾਰੇ ਦੇ ਸਾਰੇ
ਆਪਣੇ ਤੇ ਪਿਆਰੇ ਚਿਹਰੇ...

ਜੰਗਲ 'ਚੋਂ ਸੁੱਕੇ ਪੱਤੇ ਦੇ
ਰਹੇ ਸਨ ਆਵਾਜ਼
ਸ਼ਹਿਰ ਵਿਚ ਵੱਸ ਗਏ
ਮਾਸਖੋਰੇ ਜੀਵਾਂ ਨੂੰ...

ਦਰਿਆ ਜ਼ਖ਼ਮੀ, ਬਾਰਸ਼ ਮੈਲੀ
ਚੰਨ ਤਾਰੇ ਉਂਜ ਦੇ ਉਂਜ
ਨਜ਼ਰ ਆ ਰਹੇ ਸਨ ਬੇਪਰਵਾਹ...

ਨਾ ਨਾਇਕ ਯੋਧੇ, ਨਾ ਬੁੱਧ ਕੋਈ
ਦੂਰ ਦੂਰ ਤਕ ਪਸਰੇ ਸਨ
ਖੁਰ ਰਹੇ ਬੇਆਵਾਜ਼ ਮਨੁੱਖੀ ਆਕਾਰ...

ਗੀਤ ਵਾਂਗ ਜੰਮਦਾ ਕੋਈ ਹਰ ਸਵੇਰ
ਪਰਤ ਆਉਂਦਾ ਚੀਕ ਵਾਂਗ ਹਰ ਸ਼ਾਮ...

ਮਨੁੱਖ ਦਾ ਚਾਬੁਕ ਚਲਦਾ ਬਾਰ ਬਾਰ
ਆਪਣੇ ਹੀ ਕਿਸੇ ਹਮਸਫ਼ਰ 'ਤੇ

ਕਲਮ ਕਿਤਾਬਾਂ ਵੱਲ ਝਾਕਦਾ
ਬੇਬਸ ਇਕ ਲਘੂ ਆਕਾਰ...

ਤਨ ਪਿਆਸੇ, ਮਨ ਛਨਣੀ ਛਨਣੀ
ਰੂਹ ਦੇ ਪੰਛੀ ਵਸੋਂ ਬਾਹਰੇ
ਪਲ-ਛਿਣ, ਪਲ-ਛਿਣ ਨਜ਼ਰੋਂ ਓਹਲੇ...

ਕਿਸ ਮੋੜ 'ਤੇ ਮਿਲੀ ਤੂੰ
ਤਨ ਢਲ ਰਿਹਾ ਸੀ
ਮਨ ਜਲ ਰਿਹਾ ਸੀ...

## ਜੰਗ ਅਤੇ ਅਮਨ

ਬਿਰਖ਼ ਨੂੰ ਸੁਪਨਾ ਆਇਆ
ਕਿ ਝੜ ਗਏ ਅਚਾਨਕ ਪੱਤੇ ਸਾਰੇ

ਪੰਛੀ ਨੂੰ ਸੁਪਨਾ ਆਇਆ
ਕਿ ਅਕਾਸ਼ ਦੁਆਲੇ ਉਸਰ ਰਹੀਆਂ ਸੀਮਾਵਾਂ

ਕਿਤਾਬ ਨੂੰ ਸੁਪਨਾ ਆਇਆ
ਕਿ ਖੁਰ ਗਏ ਹਰਫ਼ ਸਾਰੇ

ਜਾਗ ਗਏ ਡਰ ਕੇ
ਬਿਰਖ਼ ਪੰਛੀ ਤੇ ਕਿਤਾਬ

ਇਹੋ ਜਿਹੇ ਹਨ
ਜੰਗ ਵਾਲੇ ਦਿਨ

ਦਰਿਆ ਨੂੰ ਸੁਪਨਾ ਆਇਆ
ਕਿ ਚੰਨ ਉਸ ਦੀ ਗੋਦੀ 'ਚ ਆਣ ਬੈਠਾ ਹੈ

ਧਰਤੀ ਨੂੰ ਸੁਪਨਾ ਆਇਆ
ਕਿ ਫੈਲ ਗਈ ਹਰਿਆਲੀ ਦੂਰ ਦੂਰ ਤੀਕ

ਮੁੰਡੇ ਨੂੰ ਸੁਪਨਾ ਆਇਆ
ਕਿ ਕੁੜੀ ਨੇ ਪਹਿਨ ਲਿਆ ਸਤਰੰਗੀ ਝੂਲਾ

ਜਾਗ ਗਏ ਨਸ਼ਿਆਏ
ਦਰਿਆ, ਧਰਤੀ ਤੇ ਮੁੰਡਾ

ਇਹੋ ਜਿਹੇ ਹਨ
ਅਮਨਾਂ ਭਰੇ ਦਿਨ

ਘਰ ਨੂੰ ਸੁਪਨਾ ਆਇਆ
ਕਿ ਲਟ ਲਟ ਬਲ ਰਿਹਾ ਹੈ ਉਸਦਾ ਬਦਨ

ਸੜਕ ਨੂੰ ਸੁਪਨਾ ਆਇਆ
ਕਿ ਦੌੜ ਰਹੇ ਉਸ ਦੀ ਛਾਤੀ 'ਤੇ
ਸਹਿਮੇ ਬੇਦਿਸ਼ਾ ਕਾਫ਼ਲੇ

ਕੁੜੀ ਨੂੰ ਸੁਪਨਾ ਆਇਆ
ਕਿ ਗੁੰਮਦਾ ਜਾ ਰਿਹਾ ਮੁੰਡੇ ਦਾ ਚਿਹਰਾ
ਕਾਲੇ ਧੂੰਏਂ ਦੇ ਗੁਬਾਰ 'ਚ

ਜਾਗ ਗਏ ਡਰ ਕੇ
ਘਰ ਸੜਕ ਅਤੇ ਕੁੜੀ

ਇਹੋ ਜਿਹੇ ਹਨ
ਜੰਗ ਵਾਲੇ ਦਿਨ

ਹਵਾ ਨੂੰ ਸੁਪਨਾ ਆਇਆ
ਕਿ ਘੁਲ ਗਈ ਹੈ ਅਸੰਖ ਫੁੱਲਾਂ ਦੀ
ਮਹਿਕ ਉਸਦੇ ਅੰਦਰ

ਸ਼ਹਿਰ ਨੂੰ ਸੁਪਨਾ ਆਇਆ
ਕਿ ਬੁੱਧ ਮੁੜ ਪਰਤ ਰਿਹਾ ਹੈ ਜੰਗਲ 'ਚੋਂ
ਮਹਾਂ-ਗਿਆਨ ਮਹਾਂ-ਸ਼ਾਂਤੀ ਨੂੰ ਨਾਲ ਲੈ ਕੇ

ਬੱਚੇ ਨੂੰ ਸੁਪਨਾ ਆਇਆ
ਕਿ ਖੇਡ ਰਹੇ ਗਲੀ 'ਚ ਰੰਗ
ਤੇ ਭਰ ਗਿਆ ਅਕਾਸ਼ ਗੁਬਾਰਿਆਂ ਪਤੰਗਾਂ ਨਾਲ

ਜਾਗ ਗਏ ਨਸ਼ਿਆਏ
ਹਵਾ, ਸ਼ਹਿਰ ਅਤੇ ਬੱਚਾ

ਇਹੋ ਜਿਹੇ ਹਨ
ਅਮਨਾਂ ਭਰੇ ਦਿਨ

## ਤੂੰ, ਜੰਗ ਅਤੇ ਤਾਰੇ

ਸਵਾਮੀ ਅਕਾਸ਼ ਬੋਧ ਕਹਿੰਦਾ ਹੈ,
"ਨਾਮ ਜਪ, ਧਿਆਨ ਕਰ
ਬੁੱਧ ਦੀ ਸ਼ਰਣ 'ਚ ਜਾ"

ਟੈਲੀਵਿਜ਼ਨ ਵਿਚੋਂ
ਇਕ ਜੰਗ ਪੀੜਤ ਬੱਚਾ
ਆਪਣੀਆਂ ਮਾਸੂਮ ਗੋਲ ਅੱਖਾਂ ਨਾਲ
ਮੇਰੇ ਵੱਲ ਝਾਕਦਾ ਹੈ

ਕੱਲ੍ਹ ਪਤਨੀ ਦੀ
ਮਾਂ ਦੀ ਪਹਿਲੀ ਬਰਸੀ ਹੈ
ਤੇ ਮੇਰੇ ਕੋਲ ਅਫ਼ਸੋਸ ਲਈ
ਸ਼ਬਦ ਨਹੀਂ ਹਨ

ਉਹ ਕੁੜੀ ਨੀਲੀ ਹਰੀ ਸਾੜੀ ਪਹਿਨ ਕੇ
ਨਸ਼ੇ ਬਖੇਰਦੀ ਤੁਰੀ ਆਉਂਦੀ ਹੈ
ਮੈਂ ਈਰਖਾ ਤੇ ਤੌਖਲੇ ਵਿਚ
ਡੁੱਬ ਡੁੱਬ ਜਾਂਦਾ ਹਾਂ

ਸ਼ੀਸ਼ੇ ਵਿਚੋਂ ਮੇਰਾ ਅੱਧਖੜ ਚਿਹਰਾ
'ਸੰਭਲ ਸੰਭਲ' ਦੀਆਂ ਅਵਾਜ਼ਾਂ
ਮਾਰਦਾ ਹੈ

ਕੋਲ ਪਈ ਕਵਿਤਾ ਦੀ ਕਿਤਾਬ
ਬੇਬਸ ਮੇਰੇ ਵੱਲ ਦੇਖਦੀ ਹੈ

ਰਿਸ਼ਤੇ ਛਿਣ-ਪਲ 'ਚ ਹੀ
ਬਹਾਰ-ਪਤਝੜ
ਫੁੱਲ-ਚੱਟਾਨ
ਅਮ੍ਰਿਤ-ਜ਼ਹਿਰ
ਬਣ ਕੇ ਮੇਰੇ 'ਚੋਂ ਆਰ-ਪਾਰ
ਗੁਜ਼ਰ ਜਾਂਦੇ ਹਨ

ਸੁਪਨੇ ਵਿਚ ਪਹਿਲੇ ਪਹਿਰ
ਸਫ਼ੇਦ ਘੁੱਗੀਆਂ ਦੇ ਝੁੰਡ
ਉਤਰਦੇ ਹਨ

ਅਗਲੇ ਪਹਿਰ ਇਕ ਜਨੂੰਨੀ ਚਿਹਰਾ
ਧਮਕੀਆਂ ਭਰੀਆਂ ਮੁੱਠੀਆਂ ਨਾਲ
ਹਿੰਸਕ ਨਾਅਰੇ ਬੁਲੰਦ ਕਰਦਾ ਹੈ

ਤੀਜੇ ਪਹਿਰ ਮੈਂ ਚੰਗੇ-ਮਾੜੇ ਦੇ
ਨੈਤਿਕ ਜਾਲ 'ਚੋਂ ਨਿਕਲ ਕੇ
ਮੱਛੀ ਵਾਂਗ ਮੁੜ ਕਾਇਨਾਤ ਦੇ
ਸਾਗਰ ਵਿਚ ਜਾ ਡਿੱਗਦਾ ਹਾਂ

ਚੌਥੇ ਪਹਿਰ
ਤੂੰ ਮੈਨੂੰ ਪਗਡੰਡੀ ਤੋਂ
ਮੁੱਠੀ ਭਰ ਰੇਤ ਵਾਂਗ ਚੁੱਕ ਲੈਂਦੀ ਏਂ
ਅਤੇ ਅਕਾਸ਼ ਗੰਗਾ ਵਿਚ
ਤਾਰਿਆਂ ਦੀ ਧੂੜ ਬਣਾ ਕੇ
ਖਿਲਾਰ ਦਿੰਦੀ ਏਂ...

## ਉਦਾਸ ਹੋਇਆ ਮੈਂ

ਪੱਥਰ ਉਦਾਸ ਹੋਇਆ
ਤਾਂ ਉਸਨੇ ਉਡੀਕ ਸ਼ੁਰੂ ਕੀਤੀ ਧੁੱਪਾਂ ਦੀ

ਬਿਰਖ਼ ਉਦਾਸ ਹੋਇਆ
ਤਾਂ ਉਸਨੇ ਪੱਤਿਆਂ 'ਚੋਂ ਲੰਘਦੀ ਹਵਾ ਨੂੰ
ਸੰਗੀਤ ਵਿਚ ਬਦਲ ਲਿਆ

ਪਰਬਤ ਉਦਾਸ ਹੋਇਆ
ਤਾਂ ਉਸਨੇ ਅਸਮਾਨ 'ਚੋਂ ਲੰਘਦੇ ਬੱਦਲ ਨੂੰ
ਬਰਸਣ ਦਾ ਸੱਦਾ ਦਿੱਤਾ

ਉਦਾਸ ਹੋਏ ਜਨੌਰ ਅਤੇ ਪੰਛੀ
ਤਾਂ ਉਨ੍ਹਾਂ ਨੂੰ ਯਾਦ ਆਈ ਜੰਗਲ 'ਚ
ਉਤਰਦੀ ਨਿੱਘੀ ਸਵੇਰ ਦੀ

ਉਦਾਸ ਹੋਏ ਬੇਬਸ ਫ਼ੌਜੀ
ਤਾਂ ਉਨ੍ਹਾਂ ਯਾਦ ਕੀਤਾ ਘਰਾਂ ਵਿਚ
ਜਗਦੀਆਂ ਰੌਸ਼ਨੀਆਂ ਨੂੰ

ਉਦਾਸ ਹੋਏ ਕਿਨਾਰੇ
ਤਾਂ ਉਨ੍ਹਾਂ ਦੇਖਿਆ ਸੁਪਨੇ 'ਚ ਉਸਰਦਾ
ਇਕ ਪੁਲ ਨਿਆਰਾ ਤੇ ਪਿਆਰਾ

ਉਦਾਸ ਹੋਈਆਂ ਕਬਰਾਂ
ਤਾਂ ਉਨ੍ਹਾਂ ਦੁਆ ਕੀਤੀ
ਪੁੱਤਾਂ, ਪੋਤਿਆਂ ਤੇ ਪੜਪੋਤਿਆਂ ਲਈ

ਉਦਾਸ ਹੋਇਆ ਇਕ ਦਿਨ ਮੈਂ ਵੀ
ਤਾਂ ਕੀਤੀਆਂ ਗੱਲਾਂ ਮੈਂ ਤੇਰੀਆਂ
ਦੇਰ ਤੀਕ...
ਪੱਥਰਾਂ, ਬਿਰਖ਼ਾਂ, ਪਰਬਤਾਂ
ਪੰਛੀਆਂ, ਫ਼ੌਜੀਆਂ, ਕਿਨਾਰਿਆਂ
ਅਤੇ ਕਬਰਾਂ ਨਾਲ

## ਗੋਲੀ ਚਲਦੀ ਹੈ

ਗੋਲੀ ਚਲਦੀ ਹੈ
ਘੁੱਗੀ ਉਡਾਰੀ ਮਾਰ
ਤਸਵੀਰ 'ਚ ਜਾ ਲੁਕਦੀ ਹੈ

ਬੱਚੇ ਦੀ ਨਜ਼ਰ
ਬਾਪ ਵਰਗੇ ਹੀ ਲਗਦੇ
ਦੁਸ਼ਮਣ ਚਿਹਰੇ ਦੀ ਦਾੜ੍ਹੀ 'ਤੇ ਜਾ ਰੁਕਦੀ ਹੈ

ਟੈਲੀਵਿਜ਼ਨ ਦੀ ਸਕਰੀਨ 'ਤੇ
ਖੁਸ਼ਬੂਦਾਰ ਸਾਬਣ ਅਤੇ ਕੋਕਾ ਕੋਲਾ ਦੇ
ਵਿਗਿਆਪਨਾਂ ਵਿਚਕਾਰ
ਬਚਦੇ ਸਮੇਂ ਅੰਦਰ
ਜਵਾਨ ਮੁੰਡੇ
ਫ਼ੌਜੀ ਵਰਦੀਆਂ ਪਹਿਨ
ਮੌਤ ਵੱਲ ਦੌੜਦੇ ਹਨ...

ਗੋਲੀ ਚਲਦੀ ਹੈ
ਸ਼ਹਿਰ ਸਹਿਮ ਦੀ ਚਾਦਰ
ਲਪੇਟ ਲੈਂਦਾ ਹੈ

ਸੱਤ ਸਾਲ ਦੀ ਇਕ ਕੁੜੀ
ਆਖ਼ਰੀ ਹਿਚਕੀ ਲੈਂਦੀ ਹੈ

ਮਜ਼ਹਬੀ ਜਰਨੈਲ
ਅਤੇ ਨਸਲਬਾਜ਼ ਰਾਸ਼ਟਰਪਤੀ
ਇਕੋ ਹਿਚਕੀ ਦਾ ਅਨੁਵਾਦ
ਵੱਖੋ-ਵੱਖਰੀ ਬੋਲੀ 'ਚ ਕਰਦੇ ਹਨ...
ਨੌਂ ਅਰਬ ਬਾਂਦਰਾਂ ਦੇ
ਪੋਸਟ ਮਾਡਰਨ ਘਰਾਂ ਵਿਚ

ਕਮਰੇ, ਕੁਰਸੀਆਂ
ਭਾਂਡੇ, ਖਿਡੌਣੇ
ਕਪੜੇ, ਖਿੜਕੀਆਂ
ਚਿਹਰੇ ਅਤੇ ਦਿਲ
ਕਾਲਖ਼ ਨਾਲ ਪੋਚੇ ਜਾਂਦੇ ਹਨ

ਮਨੁੱਖਤਾ ਦੇ ਹੱਥ
ਇਤਿਹਾਸ ਦੇ ਦਸਤਾਨੇ ਪਹਿਨ
ਆਪਣੇ ਹੀ ਗਲੇ ਵੱਲ ਵਧਦੇ ਹਨ...

ਗੋਲੀ ਚੱਲਦੀ ਹੈ

ਮੈਂ ਹੈਰਾਨ ਹੋ ਸੋਚਦਾ ਹਾਂ
ਫ਼ੌਜੀ ਵਰਦੀ 'ਚ ਲੁਕੇ
ਜਾਂ ਹਨੇਰੀ ਨੁੱਕਰ 'ਚ ਧੜਕਦੇ
ਦਿਲਾਂ ਵਿਚਲੇ ਖੌਫ਼ ਵਿਚ
ਕਿੰਨੀ ਕੁ ਸਾਂਝ ਹੈ
ਜਾਂ ਮਨੁੱਖ ਨੂੰ ਮਨੁੱਖ ਨਾਲ
ਗੋਲੀ ਤੋਂ ਵੱਧ ਜੋੜਨ ਵਾਲੀ
ਕੀ ਹੋਰ ਵੀ ਕੋਈ ਚੀਜ਼ ਬਾਕੀ ਬਚੀ ਹੈ

ਗੋਲੀ ਚਲਦੀ ਹੈ...

## ਕੁਦਰਤ ਕਵਿਤਾ

ਵਰਖਾ ਬਰਸਾਤ ਦੀ ਕਵਿਤਾ ਹੈ
ਕਵਿਤਾ ਜੋ ਅਸਮਾਨ ਤੋਂ ਵਰ੍ਹਦੀ ਹੈ

ਨਦੀ ਪਰਬਤ ਦੀ ਕਵਿਤਾ ਹੈ
ਕਾਲ ਦੇ ਨਾਲ-ਨਾਲ ਵਹਿੰਦੀ ਹੈ...

ਧੁੱਪ ਸੂਰਜ ਦੀ ਕਵਿਤਾ ਹੈ
ਧਰਤੀ ਦੇ ਸਾਹਾਂ 'ਚ ਵਸਦੀ ਹੈ...

ਪਿਆਰ ਤੇਰੀ ਕਵਿਤਾ ਹੈ
ਮੇਰੇ ਸਾਹਾਂ ਨੂੰ ਇਕਸੁਰ ਕਰਦੀ ਹੈ...

ਕਰੁਣਾ ਬੁੱਧ ਦੀ ਕਵਿਤਾ ਹੈ
ਸਦੀਆਂ ਦੇ ਆਰਪਾਰ ਵਗਦੀ ਹੈ...

ਅੱਜ ਦਾ ਦਿਨ
ਕਿਸ ਦੀ ਕਵਿਤਾ ਹੈ
ਅਸੀਂ ਕਿਸ ਦੀ ਕਵਿਤਾ ਹਾਂ

ਮੇਰੇ ਕੋਲ ਉੱਤਰ ਨਹੀਂ ਹੈ...

## ਤੇਰੇ ਜਾਣ ਤੋਂ ਬਾਅਦ

ਤੇਰੇ ਜਾਣ ਤੋਂ ਬਾਅਦ

ਮੈਂ ਆਪਣੇ ਅੰਦਰ ਵੱਲ ਖੁੱਲ੍ਹਦੀ
ਬਾਰੀ ਕੋਲ ਆਣ ਖੜ੍ਹਿਆ ਸਾਂ

ਉਥੇ ਦਰਿਆਵਾਂ ਦਾ ਸ਼ੋਰ ਸੀ
ਬੇੜੀਆਂ ਅਤੇ ਬੇਚੈਨ ਲਹਿਰਾਂ ਦਾ ਸ਼ੋਰ ਸੀ

ਮਨੁੱਖੀ ਅਕਾਰ
ਪਾਰਦਰਸ਼ੀ ਪਰਦਿਆਂ ਵਾਂਗ
ਝੂਲ ਝੂਲ ਲਹਿਰਾ ਰਹੇ ਸਨ

ਦੂਰ ਦੂਰ ਤਕ
ਅਸਮਾਨੀ ਕੈਨਵਸ ਉਪਰ
ਪਰਿੰਦੇ, ਪਹਾੜ ਲਿਸ਼ ਲਿਸ਼ ਚਮਕ ਰਹੇ ਸਨ

ਘਾਹ 'ਚ ਲੁਕ ਕੇ ਬੈਠਾ
ਇਕ ਨਿੱਕਾ ਜਿਹਾ ਫੁੱਲ
ਅਸਮਾਨ 'ਚੋਂ ਗੁਜ਼ਰ ਰਹੇ
ਇਕ ਪਰਿੰਦੇ ਦੀ ਅੱਖ 'ਚ ਝਾਕਿਆ ਸੀ

ਇਕ ਕੁੜੀ ਦੇ ਨਾਲ ਨਾਲ
ਦੌੜ ਰਿਹਾ ਕੁੱਤਾ
ਪਹਾੜੀ ਰਾਹਾਂ ਤੋਂ ਹੇਠਾਂ ਵੱਲ
ਉਤਰ ਰਹੇ ਯਾਤਰੀ
ਖੇਤਾਂ ਵਿਚ ਖੜ੍ਹਾ ਸਾਵਧਾਨ
ਪਹਿਰੇਦਾਰ ਡਰਨਾ
ਰਾਤ ਭਰ ਕੋਹਰੇ ਵਿਚ
ਭਿੱਜਦਾ ਰਿਹਾ ਟਰੈਕਟਰ

ਫੁੱਲ ਅਤੇ ਪਰਿੰਦੇ ਵਿਚਕਾਰ
ਵਾਪਰ ਗਈ ਕਵਿਤਾ ਦੀ
ਜੁੰਬਸ਼ ਨਾਲ ਥਰਥਰਾ ਰਹੇ ਸਨ

ਤੇਰੇ ਜਾਣ ਤੋਂ ਬਾਅਦ

ਮੈਂ ਅੱਖ ਖੋਲ੍ਹੀ ਤਾਂ
ਸਵੇਰ ਦੀ ਫਟੀ ਚਾਦਰ
ਮੇਰੇ ਜਿਸਮ 'ਤੇ ਫੈਲ ਰਹੀ ਸੀ

ਪਿਛਲੀ ਰਾਤ ਦੇ ਬੋਲ ਕੁਬੋਲ
ਮੇਰੇ ਜਿਸਮ 'ਤੇ ਮਨ ਨੂੰ
ਖੰਡਿਤ ਖੰਡਿਤ ਕਰ ਰਹੇ ਸਨ

ਇਸ ਤੋਂ ਪਹਿਲਾਂ ਕਿ
ਰੇਡੀਓ 'ਚੋਂ ਝਰਦਾ ਸੂਖ਼ਮ ਸੰਗੀਤ
ਮੈਨੂੰ ਆਪਣੇ ਨਾਲ ਵਹਾ ਕੇ ਲੈ ਜਾਂਦਾ

ਇਕ ਜ਼ਖ਼ਮੀ ਚੀਤਾ
ਮੇਰੇ ਅੰਦਰੋਂ ਨਿਕਲ ਕੇ
ਬਾਹਰ ਖੁੱਲ੍ਹੇ ਵੱਲ ਦੌੜਿਆ ਸੀ

ਬਾਹਰ ਜਿਥੇ ਕਿ
ਤੇਰੇ ਪਰਛਾਵੇਂ ਹਾਲੇ ਵੀ
ਧੁੱਪ ਨਾਲ ਖ਼ਰਗੋਸ਼ਾਂ ਵਾਂਗ
ਅਠਖੇਲੀਆਂ ਕਰ ਰਹੇ ਸਨ...

ਮੈਂ ਤੇਰੇ ਸ਼ਹਿਰ ਵੱਲ ਜਾਂਦੀ
ਗੱਡੀ ਨੂੰ ਇੰਜ ਚਿੰਬੜ ਗਿਆ ਸਾਂ
ਜਿਵੇਂ ਕੋਈ ਸਹਿਮ ਗਿਆ ਬੱਚਾ
ਮਾਂ ਦੀ ਛਾਤੀ ਨਾਲ ਚਿੰਬੜ ਜਾਂਦਾ ਹੈ

ਤੇਰੇ ਸ਼ਹਿਰ 'ਚ ਹਾਲੇ ਵੀ
ਪਰਬਤ ਦਰਿਆ ਅਡੋਲ ਵਿਚਰ ਰਹੇ ਸਨ
ਉਨ੍ਹਾਂ ਦੀ ਮੁਸਕਰਾਹਟ ਵਿਚ
ਸਦੀਵੀ ਖੁਸ਼-ਆਮਦੀਦ ਝਲਕ ਰਹੀ ਸੀ

ਮੈਂ ਤੇਰੀ ਛੁਹ ਨਾਲ ਭਿੱਜੇ
ਕੈਫ਼ੇ ਵਿਚ ਜਾ ਵੜਿਆ ਸੀ
ਕੈਫ਼ੇ ਦੀ ਵੇਟਰੈਸ ਕੁੜੀ ਦੇ
ਚਿਹਰੇ 'ਤੇ ਤੇਰਾ ਰੂਪ ਉਤਰ ਆਇਆ ਸੀ

ਮੇਜ਼ਾਂ 'ਤੇ ਪਏ ਫੁੱਲਾਂ ਨੇ
ਮੈਨੂੰ ਪਛਾਣ ਲਿਆ ਸੀ
ਕੈਫ਼ੇ ਦੀ ਫਿਜ਼ਾ ਵਿਚ
ਤੇਰੇ ਸਾਹ ਮਹਿਕ ਰਹੇ ਸਨ

ਜ਼ਖ਼ਮੀ ਚੀਤਾ ਅਚਾਨਕ
ਸ਼ਾਂਤ ਤੇ ਨਿੱਘੇ ਕਤੂਰੇ 'ਚ ਬਦਲ ਗਿਆ ਸੀ
ਤੇ ਮੇਰੇ ਪੈਰਾਂ ਕੋਲ ਆਣ ਬੈਠਾ ਸੀ

ਮੇਰੀਆਂ ਅੱਖਾਂ ਵਿਚ
ਹਿਜਰ-ਵਸਲ ਦਾ
ਦੋ-ਮੁਖੀਆ ਦੀਵਾ ਬਲ ਰਿਹਾ ਸੀ

ਮੇਰੀ ਛਾਤੀ ਤੋਂ
ਇਕ ਚੱਟਾਨ ਖਿਸਕੀ ਸੀ
ਜਿਸ ਦੇ ਹੇਠਾਂ ਕੋਮਲ ਪਾਣੀਆਂ ਦਾ
ਇਕ ਝਰਨਾ ਫੁੱਟਿਆ ਸੀ

ਮੈਂ ਜ਼ਿੰਦਗੀ ਦੇ ਸੱਜਰੇ ਪਾਣੀਆਂ ਦੀ
ਕਲ-ਕਲ ਕਰਦੀ ਆਵਾਜ਼ ਨੂੰ
ਹੈਰਾਨ ਹੋਇਆ ਸੁਣਨ ਲੱਗਾ ਸੀ

ਤੂੰ ਕੈਫ਼ੇ ਦੇ ਪਰਦਿਆਂ ਪਿੱਛੋਂ
ਮੇਰੇ ਵੱਲ ਝਾਕੀ ਸੀ
ਤੇ ਕਿਹਾ ਸੀ—
"ਮੈਂ ਹੋਵਾਂ ਨਾ ਹੋਵਾਂ
ਮੈਂ ਹੋਵਾਂਗੀ..."

ਮੈਂ ਤੇਰੇ ਸ਼ਬਦਾਂ ਤੋਂ ਲੈ ਕੇ
ਤੇਰੇ ਤਕ ਪਹੁੰਚਣ ਵਾਲੀ ਸੜਕ 'ਤੇ
ਸਰਪਟ ਦੌੜਿਆ ਸਾਂ

ਸ਼ਬਦਾਂ ਦੀ ਲਾਟ ਬਲ ਰਹੀ ਸੀ
ਪਰ ਅਰਥ ਤਾਂ
ਜੋਗੀਆਂ ਦੀ ਚਿਲਮ 'ਚੋਂ ਨਿਕਲੇ
ਧੂੰਏਂ ਵਾਂਗ ਉੱਡ ਪੁੱਡ ਗਏ ਸਨ

ਮੈਂ ਕੈਫ਼ੇ ਤੋਂ ਬਾਹਰ ਨਿਕਲਿਆ ਸਾਂ
ਤੇ ਤੇਰੇ ਸ਼ਹਿਰ ਦੇ ਨਾਂਅ
ਪੂਰੇ ਦਾ ਪੂਰਾ ਆਕਾਸ਼ ਲਿਖ ਦਿੱਤਾ ਸੀ

ਦਰਿਆ ਤੇ ਪਰਬਤ ਨੂੰ
ਸੁਖੀ ਵਸਣ ਦਾ ਵਰ ਦਿੱਤਾ ਸੀ

ਅਤੇ ਹਵਾ ਨੂੰ
ਤੇਰੀ ਹਥੇਲੀ ਵਾਂਗ ਚੁੰਮ ਕੇ
ਅਗਲੇ ਸਫ਼ਰ 'ਤੇ ਤੁਰ ਪਿਆ ਸੀ...

ਤੇਰੇ ਜਾਣ ਤੋਂ ਬਾਅਦ

ਜ਼ਿੰਦਗੀ ਕਿਸੇ ਪਾਗਲ ਫ਼ਕੀਰ ਵਾਂਗ
ਮੇਰੇ ਕਣ-ਕਣ ਵਿਚ ਮਿਰਤੂ-ਨਾਚ ਕਰ ਰਹੀ ਸੀ

ਸੋਚਾਂ ਉੱਡ ਰਹੀਆਂ ਸਨ ਮਨ ਅਸਮਾਨ 'ਤੇ
ਜਿਵੇਂ ਤੇਜ਼ ਹਵਾ ਵਿਚ
ਬੌਂਦਲੇ ਉੱਡ ਰਹੇ ਹੋਣ ਸੁੱਕੇ ਪੱਤੇ

ਬੁੱਧ ਸਾਹਮਣੇ ਮੋੜ 'ਤੇ ਖੜ੍ਹਾ
ਮੁਸਕਰਾ ਰਿਹਾ ਸੀ
ਮੋਨਾਲੀਜ਼ਾ ਦੇ ਬੁੱਲ੍ਹ
ਮੇਰੇ ਚੁੰਮਣ ਲਈ ਤਰਸ ਰਹੇ ਸਨ

ਫੁੱਲ, ਮੁਹੱਬਤ, ਧੁੱਪ ਅਤੇ ਬਾਰਸ਼
ਮੇਰੀ ਛੁਹ ਅੰਦਰ ਜਾਗ ਪਏ ਸਨ

ਤੇਰਾ ਗੋਰਾ ਜਿਸਮ
ਕਿਸੇ ਪਵਿੱਤਰ ਸੂਤਰ ਵਾਂਗ ਲਹਿਰਾ ਕੇ
ਮੇਰੇ ਚਾਰੇ ਪਾਸੇ ਫੈਲ ਰਿਹਾ ਸੀ

ਸ਼ਬਦ ਮੇਰੇ ਕੋਲ
ਕਤੂਰਿਆਂ ਵਾਂਗ ਨੱਠੇ ਆਉਂਦੇ
ਅਤੇ ਤਿਤਲੀਆਂ ਬਣ ਕੇ
ਨਦੀਆਂ ਪਹਾੜਾਂ ਵੱਲ ਉੱਡ ਜਾਂਦੇ

ਮੈਂ ਬੁੱਲ੍ਹੇ ਨੂੰ ਆਵਾਜ਼ ਮਾਰੀ
ਮੀਰਾ ਨੱਚਣ ਲੱਗੀ
ਰੂਮੀ ਦੀ ਉਂਗਲ ਨੇ
ਕਾਇਨਾਤ ਤੋਂ ਪਾਰ ਵਗਦੀ ਨਦੀ ਵੱਲ
ਇਸ਼ਾਰਾ ਕੀਤਾ

ਕੋਲੋਂ ਹੀ ਇਕ ਸੁੱਕਾ ਪੱਤਾ ਬੋਲਿਆ
"ਵਕਤ ਦੀ ਖਾਈ ਵਿਚ ਛਾਲ ਮਾਰ
ਅਤੇ ਮੋਹ ਦੇ ਸਾਗਰਾਂ ਵਿਚ ਗੁੰਮ ਹੋ ਜਾ..."

ਮੈਂ ਘਾਹ ਉਪਰ
ਹਰਿਆਲੀ ਬਣ ਕੇ ਡੁਲ੍ਹ ਰਹੇ ਮਨੁੱਖਾਂ ਨੂੰ

ਰੁੱਖਾਂ ਵਾਂਗ
ਕਲਾਵੇ 'ਚ ਲੈਣ ਲਈ ਸਹਿਕ ਰਿਹਾ ਸਾਂ

ਦੂਰ ਵਜਦੀ ਸ਼ਹਿਨਾਈ ਅਤੇ ਤੇਰੇ ਬੋਲਾਂ 'ਚੋਂ
ਕਿਰ ਰਹੇ ਕਾਮੀ ਨਸ਼ੇ ਨੇ
ਮੇਰੇ ਕਮਰੇ ਨੂੰ ਨੱਕੋ-ਨੱਕ ਭਰ ਦਿੱਤਾ ਸੀ

ਘਾਹ ਦੇ ਤਿਣਕੇ ਨੇ
ਮੁੜ ਦੂਰ ਅਸਮਾਨ ਵੱਲ ਦੇਖਿਆ
ਅਤੇ ਇਕ ਮਸਤਾਨੇ ਬੱਦਲ ਦੀ
ਅੱਖ 'ਚੋਂ ਗਿਰਦੇ ਸੁਪਨੇ ਨੂੰ
ਆਪਣੀ ਛਾਤੀ 'ਚ ਬੋਚ ਲਿਆ ਸੀ

ਤੇ ਮੈਂ ਇਕ ਵਾਰ ਫੇਰ
ਤੇਰੇ ਹੋਣ ਅਤੇ ਨਾ ਹੋਣ ਵਿਚਕਾਰ ਫੈਲੇ
ਉੱਚੇ ਪੁਲ 'ਤੇ ਦੰਗ ਖੜ੍ਹਾ
ਸੋਚ ਰਿਹਾ ਸਾਂ ਕਿ

ਤੇਰੇ ਜਾਣ ਤੋਂ ਬਾਅਦ

ਪਰਤਣਾ ਹੈ ਸ਼ਬਦਾਂ ਤੀਕ
ਤਾਂ ਕਿ ਆਕਾਸ਼ ਮਿੱਟੀ ਵਿਚ
ਘੁਲ ਮਿਲ ਜਾਵੇ

ਪਰਤਣਾ ਹੈ ਪਾਣੀਆਂ ਕੋਲ
ਤਾਂ ਕਿ ਬੂੰਦਾਂ 'ਚ ਠਹਿਰੇ ਮਨ
ਅਕਾਲ-ਸਾਗਰ ਵਿਚ ਰਲ-ਮਿਲ ਜਾਣ

ਪਰਤਣਾ ਹੈ ਘਰਾਂ ਤੀਕ
ਤਾਂ ਕਿ ਬੁੱਧ ਦੇ ਬਹਾਨੇ
ਕਾਇਨਾਤ ਦਾ ਰੰਗ ਫੈਲੇ
ਵਿਹੜਿਆਂ, ਰਸੋਈਆਂ, ਬੈਠਕਾਂ
ਅਤੇ ਛੱਤਾਂ ਤੀਕ

ਤੇਰੇ ਜਾਣ ਤੋਂ ਬਾਅਦ..

## ਮੁੱਦਤ ਬਾਦ

ਮੁੱਦਤ ਹੋਈ
ਤੈਨੂੰ ਵਿਦਾ ਹੋਏ

ਪਰਤ ਆਈ ਅਚਾਨਕ
ਤੂੰ ਚੁੱਪਚਾਪ
ਖ਼ਾਮੋਸ਼ ਰਾਤ ਨੂੰ
ਡੂੰਘਾ ਕਰਦੀ
ਕਿਸੇ ਦੀਵੇ ਦੀ
ਕੰਬਦੀ ਲਾਟ ਵਾਂਗ

ਕਿਤਾਬ ਪੜ੍ਹਦਿਆਂ
ਇਕ ਤਿਤਲੀ ਆਣ ਉਤਰੀ
ਖੁੱਲ੍ਹੇ ਸਫ਼ੇ 'ਤੇ

ਕੰਮ ਕੋਈ ਕਰਦਿਆਂ
ਅਚਾਨਕ ਪਤਾ ਨਹੀਂ ਕਿਥੋਂ
ਆਣ ਬੈਠਾ ਇਕ ਹਓਕਾ
ਮੇਰੀ ਛਾਤੀ 'ਤੇ

ਹਵਾ 'ਚ ਉਛਾਲਦਾ ਹੈ
ਮਨ ਮੇਰਾ ਇਕ ਉਲ੍ਹਾਮਾ
ਕਿਥੇਂ ਹੈਂ ਤੂੰ ਹੁਣ
ਇਸ ਵੇਲੇ!

ਨਾਸਤਕ ਤੇ ਠੋਸ
ਮੇਰਾ ਆਪਾ
ਕਿਉਂ ਦ੍ਰਵਿਤ ਹੋ ਰਿਹਾ
ਕਿਸੇ ਕਮਲੇ ਫ਼ਕੀਰ ਵਾਂਗ

ਕਿਉਂ ਨਜ਼ਰ ਆਣ ਲੱਗਾ
ਚੱਟਾਨ ਦਾ ਵਹਿਣਾ
ਅਕਾਸ਼ ਗੰਗਾ ਦਾ
ਘਾਹ ਪੱਤੀ ਦੀ ਨੁੱਕਰ 'ਤੇ
ਆ ਬਹਿਣਾ

ਸਾਹ ਕੋਲ
ਉਤਰ ਆਈ ਇਕ ਸੰਵੇਦਨਾ
ਕਿ ਨਾ ਮੈਂ ਹਾਂ
ਅਤੇ ਨਾ ਹੀ
ਮੈਂ ਕਿਤੇ ਜਾਣਾ ਹੈ!

ਬਸ ਇਕ ਦਿਨ
ਦੂਰ ਕਿਤੇ
ਬੀਤ ਗਏ ਵਕਤਾਂ ਵਿਚ
ਜਾਂ ਸ਼ਾਇਦ
ਆਉਣ ਵਾਲੇ ਸਮਿਆਂ ਵਿਚ
ਆਦਿ-ਜੁਗਾਦੀ
ਕਿਸੇ ਧੂਣੀ ਗਿਰਦ
ਜਾ ਬੈਠਾਂਗੇ ਅਸੀਂ ਸਾਰੇ
ਤੂੰ, ਮੈਂ, ਇਹ ਤੇ ਉਹ
ਨਰ, ਮਦੀਨ, ਬੱਚੇ ਤੇ ਬੁੱਢੇ

ਚੁੱਪਚਾਪ
ਸ਼ਾਂਤ ਚਿੱਤ
ਉਤਰਦੀ ਰਾਤ ਵਿਚ
ਲੋਪ ਹੋ ਰਹੀ
ਸ੍ਰਿਸ਼ਟੀ ਦੇ ਅੰਗ ਸੰਗ

# ਜੋਗੀ ਆਦਿ-ਜੁਗਾਦੀ

ਪਰਬਤ ਦੀ ਸਿਖ਼ਰ 'ਤੇ
ਬੈਠਾ ਹੈ ਪਾਣੀ
ਸਮਾਧੀ ਸਫ਼ੇਦ ਲਗਾਈ...

ਜੋਗੀ ਉਤਰੇਗਾ
ਪਹਾੜੋਂ
ਕਲਕਲ ਦੀ ਆਵਾਜ਼ ਕਰਦਾ
ਤੇ
ਪਿੰਡ ਦੀ ਨੁੱਕਰ 'ਚ ਬਣੇ
ਇਕ ਨਿੱਕੇ ਜਿਹੇ ਘਰ ਦੇ
ਬੂਹੇ 'ਤੇ
ਦੇਵੇਗਾ ਦਸਤਕ
...ਅਲਖ਼ ਨਰੰਜਨ ਦੀ...

ਪਰਬਤ ਦੀ ਸਿਖ਼ਰ 'ਤੇ
ਬੈਠਾ ਹੈ ਪਾਣੀ
ਸਮਾਧੀ ਸਫ਼ੇਦ ਲਗਾਈ...

ਹਵਾ ਸੰਗ ਉੱਡ ਤੁਰੇਗਾ
ਚਾਰੋਂ ਦਿਸ਼ਾਵਾਂ ਨੂੰ

ਖੇਤ ਰੇਤ
ਸੜਕ ਪੱਥਰ
ਕੱਚਾ ਘਰ ਤੇ ਮਹਾਂਨਗਰ
ਸਭ 'ਤੇ ਵਰ੍ਹੇਗਾ
ਕਿਣਮਿਣ ਕਿਣਮਿਣ

ਇਕ ਸਾਰ ਵਰ੍ਹੇਗਾ
ਵਿਤਕਰਾ ਮੁਕਤ
ਇਕ ਰਿਸ਼ੀ ਆਦਿ-ਜੁਗਾਦੀ...

ਪਰਬਤ ਦੀ ਸਿਖ਼ਰ 'ਤੇ
ਬੈਠਾ ਹੈ ਪਾਣੀ
ਸਮਾਧੀ ਸਫ਼ੇਦ ਲਗਾਈ...

ਦੁਨੀਆਂ ਦੀ
ਸਭ ਤੋਂ ਉੱਚੀ ਟੀਸੀ ਦੇ
ਸਿਰ ਦਾ ਮੁਕਟ
ਦੁਨੀਆਂ ਦੇ
ਸਭ ਤੋਂ ਹੇਠਲੀ ਨੁੱਕਰ 'ਚ
ਬੈਠੇ ਗਰੀਬ ਜੀਵ ਦੇ
ਪੈਰਾਂ ਨੂੰ ਧੋਂਦਾ

ਹਰ ਥਾਂ
ਇਕ ਸਾਰ
ਵਿਤਕਰਾ ਮੁਕਤ
ਇਕ ਰਿਸ਼ੀ ਆਦਿ ਜੁਗਾਦੀ...

ਹੰਝੂ ਹੰਝੂ ਪਸੀਨਾ
ਕਣੀ ਤ੍ਰੇਲ ਤੁਪਕਾ
ਝਰਨਾ ਝੀਲ ਦਰਿਆ
ਸਾਗਰ ਮਹਾਂਸਾਗਰ
ਮੇਰੀ ਹਥੇਲੀ 'ਤੇ
ਠਹਿਰ ਜਾਂਦੇ ਹਨ...

ਅਮ੍ਰਿਤ ਦੀ
ਸਾਦਗੀ 'ਤੇ
ਹੈਰਾਨ ਹੁੰਦਾ ਮਨੁੱਖ...

## ਸਾਂਝੇ ਸਾਹ ਲੈਂਦਿਆਂ

ਮੱਛੀ
ਵਹਿੰਦੇ ਪਾਣੀਆਂ 'ਚ ਵੀ
ਪਿਆਸੀ ਰਹਿ ਗਈ

ਪਰਿੰਦੇ ਅਕਾਸ਼ 'ਚ
ਪਰਵਾਜ਼ ਭਰਦੇ ਰਹੇ
ਨਾਲੇ ਅਕਾਸ਼ ਲਈ ਓਦਰੇ ਰਹੇ

ਹਰੇ ਪੱਤੇ ਨੂੰ
ਟਾਹਣੀ 'ਤੇ ਬੈਠਿਆਂ
ਬਿਰਖ ਦਾ ਹੇਰਵਾ ਸੀ

ਮੈਂ ਜਿਉਂਦਾ ਰਿਹਾ
ਨਾਲੇ ਸਾਹਾਂ ਤੋਂ
ਬੇਗਾਨਾ ਰਿਹਾ
ਨਾਲੇ ਪਿਆਰ ਤੋਂ

ਫਿਰ ਇਕ ਫੁੱਲ
ਮੁਹੱਬਤ ਦਾ
ਮੋਤੀਏ ਵਰਗਾ

ਤੂੰ ਮਾਰ ਕੇ
'ਜਗਾ' ਦਿੱਤਾ ਮੈਨੂੰ

ਇਹ ਫੁੱਲ
ਸੋਹਣਾ ਸੀ
ਪਰਲੇ ਪਾਰੋਂ ਆਇਆ
ਇਕ ਬੋਧੀ ਸੀ

ਮੈਂ ਆਪਣੇ ਸਾਹਾਂ ਕੋਲ
ਪਰਤ ਆਇਆ ਸੀ
ਪਿਆਰ ਮੇਰੇ ਨੇੜੇ
ਸਰਕ ਆਇਆ ਸੀ

ਮੱਛੀ ਦਾ ਪਾਣੀ ਲਈ
ਪੰਛੀ ਦਾ ਆਕਾਸ਼ ਲਈ
ਪੱਤੇ ਦਾ ਬਿਰਖ਼ ਲਈ
ਉਦਰੇਵਾਂ
ਮੁੱਕ ਚੁੱਕਾ ਸੀ

ਮੱਛੀ, ਪੰਛੀ
ਪੱਤਾ ਤੇ ਮੈਂ
ਸਾਰੇ ਦੇ ਸਾਰੇ

ਇਕੋ ਹਵਾ 'ਚ
ਸਾਹ ਲੈ ਰਹੇ ਸਾਂ

ਇਹ ਇਕ ਫੁੱਲ ਦੀ
ਛੋਹ ਦਾ ਭੇਤ
ਇਹ ਇਕ ਛਿਣ ਦੇ
ਪਿਆਰ ਦਾ ਜਾਦੂ...

## ਆਖ਼ਰੀ ਪਨਾਹ

ਉਹ ਸ਼ਿਕਾਰ ਤੋਂ
ਮੁੜਿਆ ਹੈ
ਉਹ ਉੱਚੀ ਇਮਾਰਤ
ਬਣਾ ਕੇ ਆਇਆ ਹੈ
ਉਹ ਵੱਡੇ ਦਫ਼ਤਰ 'ਚੋਂ
ਵੱਡੇ ਕੰਮ
ਮੁਕਾ ਕੇ ਆਇਆ ਹੈ
ਉਹ ਯੁੱਧ 'ਚੋਂ ਪਰਤਿਆ ਹੈ

ਉਹ ਹੋਰ ਵੀ ਬੜਾ ਕੁਝ
ਕਰਕੇ ਮੁੜਦਾ ਹੈ

ਮੁੜਦਾ ਹੈ
ਉਹ ਇਕ ਆਦਿ-ਪੁਰਸ਼
ਬਾਰ ਬਾਰ
ਇਕ ਆਦਿ-ਨਾਰੀ ਕੋਲ

ਜੇਤੂ ਨੇ ਆਖ਼ਰ
ਸਹਿਜ ਦੀ ਗੋਦੀ 'ਚ
ਸਿਰ ਰੱਖ ਕੇ ਸੌਣਾ ਹੈ...

# ਮੌਸਮ ਬਦਲ ਰਿਹਾ ਹੈ

ਪੰਛੀ ਆਲ੍ਹਣਿਆਂ ਨੂੰ
ਰੰਗ ਵਸਤਾਂ ਨੂੰ
ਕਿਰਤ ਖੇਤਾਂ ਨੂੰ
ਅਲਵਿਦਾ ਕਹਿ ਰਹੇ ਨੇ

ਮੌਸਮ
ਬਦਲ ਰਿਹਾ ਹੈ...

ਹਰੇ ਪਿੰਡ
ਪਥਰੀਲੇ ਸ਼ਹਿਰਾਂ 'ਚ
ਡੁੱਬ ਰਹੇ ਨੇ

ਨੀਲੇ ਅੰਬਰ ਦੀ
ਵਿਸ਼ਾਲ ਛਾਤੀ ਨੂੰ
ਅਸੀਂ ਕੌੜੇ ਧੂੰਏਂ ਨਾਲ
ਛਣਨੀ ਕਰ ਦਿੱਤਾ ਹੈ

ਲੋਕ
ਫੁੱਲਾਂ ਕੋਲੋਂ ਉੱਠ ਕੇ
ਜਾ ਰਹੇ ਨੇ

ਉਹ ਤਾਂ ਬੰਸਰੀ ਨੂੰ
ਕਿਸੇ ਹਨੇਰੇ ਬਕਸੇ 'ਚ
ਭੁੱਲ ਆਏ ਨੇ...

ਲੋਕਾਂ ਨੂੰ ਤਾਂ
ਚਾਨਣੀ ਦਾ ਵੀ
ਨਾਂਅ ਯਾਦ ਨਹੀਂ ਰਿਹਾ

ਧੁੱਪ ਦੇ ਖ਼ੁਸ਼ਬੂ
ਮਨੁੱਖ ਦੇ ਸਾਹਾਂ ਤੋਂ
ਵਿਦਾ ਹੋ ਰਹੀ ਹੈ

ਅਸੀਂ ਤਾਂ ਦੌੜ ਪਏ ਹਾਂ
ਚੌਰਸ ਧਰਤੀ 'ਤੇ
ਕਾਹਲੀਆਂ ਰੂਹਾਂ ਵਾਂਗ

ਅਸੀਂ ਤਾਂ
ਇਕ ਦੂਜੇ ਨੂੰ ਵੀ
ਚੰਗੇ ਨਹੀਂ ਲਗਦੇ

ਸਾਡੇ ਦਿਲ
ਕਾਰਾਂ ਦੀਆਂ ਟੈਂਕੀਆਂ 'ਚੋਂ
ਜ਼ਹਿਰ ਬਣ ਉੱਡ ਰਹੇ ਹਨ

ਅਸੀਂ ਮੌਤ ਦੇ ਸੱਚ ਨੂੰ
ਪਲਾਟਾਂ ਅਤੇ ਕੋਠੀਆਂ

ਹੇਠ ਦਬਾ
ਆਪ ਭਰਮਾਂ ਦੇ ਓਹਲੇ
ਹੋਰ ਵੀ ਉੱਚੇ
ਤਾਣ ਲਏ ਹਨ

ਅਸੀਂ ਆਲ੍ਹਣੇ ਨਹੀਂ
ਤੋਪਾਂ ਦੇ ਸਿਰੇ ਬਣ ਗਏ ਹਾਂ

ਮੌਸਮ
ਬਦਲ ਰਿਹਾ ਹੈ...

ਪਰ ਮੌਸਮ
ਕਿੰਨਾ ਵੀ ਬਦਲੇ...

ਅਸੀਂ ਆਪਣੇ
ਦਿਲ ਦੀ ਆਖ਼ਰੀ ਨੁੱਕਰ 'ਚ
ਉੱਗ ਰਹੀ
ਘਾਹ ਦੀ ਨਿੱਕੀ ਜਿਹੀ ਪੱਤੀ ਤੋਂ
ਮੁਨਕਰ ਨਹੀਂ ਹੋ ਸਕਦੇ

ਮੌਸਮ
ਕਿੰਨਾ ਵੀ ਬਦਲੇ...

ਨਿੱਕੇ ਬਾਲ ਦੀ
ਨਿੱਕੀ ਜਿਹੀ ਮੁੱਠੀ

ਮੀਂਹ ਵਿਚ ਭਿੱਜਦਾ ਬਿਰਖ਼
ਅਸਮਾਨੀ ਪਾਣੀਆਂ 'ਚ
ਤੈਰਦਾ ਪੰਛੀ
ਹਵਾ ਵਾਂਗ
ਚੁਫੇਰੇ ਫੈਲਿਆ ਇਹ ਪਿਆਰ
ਅਤੇ
ਅੱਜ ਦਾ ਇਹ ਦਿਨ
ਸਾਡੇ ਲਈ ਕਾਫ਼ੀ ਹਨ

ਅਸੀਂ
ਦੂਰ ਤਕ ਫੈਲੀਆਂ
ਚਰਾਗਾਹਾਂ ਦੇ
ਸੁਪਨੇ ਵੇਖਾਂਗੇ

ਅਤੇ
ਪੂਰੀ ਧਰਤੀ ਨੂੰ
ਕਿਸੇ ਬੋਧੀ ਚਾਨਣ ਦੀ
ਮਹੀਨ ਚਾਦਰ 'ਚ
ਲਪੇਟ ਦੇਵਾਂਗੇ

ਅਸੀਂ
ਪਿਆਰ ਕਰਾਂਗੇ...

* *